ਦੀਆਂ ਲਕੀਰਾਂ ਮਿਟ ਚੁੱਕੀਆਂ ਸਨ ?

ਵਿਆਹ.- ਹੁਣ ਜੇ ਗੱਲ ਵਿਆਹਾਂ ਦੀ ਕਰ ਲਈਏ ਜੋਤਿਸ਼ੀ ਦਾਅਵਾ ਕਰਦੇ ਹਨ ਕਿ ਵਿਆਹ ਦੇ ਰੇਖਾ ਹੱਥ ਉੱਤੇ ਅੰਕਿਤ ਹੁੰਦੀ ਹੈ। ਅਮਰੀਕਾ ਕੈਨੇਡਾ ਤੇ ਹੋਰ ਯੂਰਪੀ ਮੁਲਕਾਂ ਵਿੱਚ ਹਰ ਰੋਜ਼ ਨਿੱਤ ਨਵੇਂ ਵਿਆਹ ਹੁੰਦੇ ਹਨ। ਕੀ ਉਹਨਾਂ ਦੀਆਂ ਹੱਥ ਰੇਖਾਵਾਂ ਨਿੱਤ ਹੀ ਬਦਲ ਜਾਂਦੀਆਂ ਨੇ। ਸਾਡੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਦਾਦਾ ਜੀ ਨੇ ਸੈਂਕੜੇ ਇਸਤਰੀਆਂ ਆਪਣੇ ਮਹਿਲ ਵਿੱਚ ਪਤਨੀਆਂ ਦੇ ਦਾਸੀਆਂ ਦੇ ਰੂਪ ਵਿੱਚ ਰੱਖੀਆਂ ਹੋਈਆਂ ਸਨ ਅਤੇ ਉਹਨਾਂ ਦੇ ਹੱਥਾਂ ਉੱਤੇ ਵਿਆਹ ਦੀ ਇੱਕੋ ਹੀ ਰੇਖਾ ਸੀ, ਇਸ ਤਰ੍ਹਾਂ ਹੀ ਸੰਸਾਰ ਪ੍ਰਸਿੱਧ ਐਕਟਰੈਸ ਜਾ-ਜਾ ਗੈਬਰੋ ਨੇ ਆਪਣੀ ਜ਼ਿੰਦਗੀ ਵਿੱਚ ਅੱਠ ਵਿਆਹ ਕਰਵਾਏ ਅਤੇ ਇੱਕੋ ਵਿਅਕਤੀ ਨਾਲ ਦੋ ਵਾਰ ਵਿਆਹ ਕਰਵਾਇਆ ਪਰ ਉਸ ਦੇ ਹੱਥ ਤੇ ਵਿਆਹ ਦੀ ਇੱਕ ਹੀ ਲਕੀਰ ਸੀ। ਹੁਣ ਜੇ ਗੱਲ ਪੁੱਤਾਂ ਜਾਂ ਧੀਆਂ ਦੀ ਕਰਨੀ ਹੋਵੇ। ਕੀ ਇਹ ਲਕੀਰਾਂ ਵੀ ਆਦਮੀ ਦੇ ਹੱਥ ਤੇ ਦਰਜ਼ ਹੁੰਦੀਆਂ ਹਨ? ਇੱਕ ਤੰਦਰੁਸਤ ਮਨੁੱਖ ਵਿੱਚ ਕਰੋਮੋਸੋਮਾ ਦੀ ਗਿਣਤੀ ਐਨੀ ਹੁੰਦੀ ਹੈ ਕਿ ਉਸ ਨਾਲ ਪੂਰੇ ਸੰਸਾਰ ਦੀਆਂ ਇਸ਼ਤਰੀਆਂ ਗਰਭਵਤੀ ਹੋ ਸਕਦੀਆਂ ਹਨ ਕੀ ਫਿਰ ਹੱਥ ਉੱਤੇ ਪੁੱਤਾਂ ਧੀਆਂ ਵਾਲੀ ਲਕੀਰ ਵਿੱਚ ਐਨੇ ਨਿਸ਼ਾਨ ਹੁੰਦੇ ਹਨ ?

ਪੁੱਤਰ ਤੇ ਧੀਆਂ.- ਜੇ ਇੱਥੇ ਇਸਤਰੀ ਦੀਆਂ ਪੁੱਤਰ ਤੇ ਧੀਆਂ ਵਾਲੀ ਲਕੀਰ ਦੀ ਵੀ ਗੱਲ ਕਰ ਲਈਏ ਤਾਂ ਅੱਜ ਇਸਤਰੀਆਂ ਦਾ ਇੱਕ ਨਿਸੇਚਤ ਆਂਡਾ ਤੋੜ ਕੇ ਉਸ ਤੋਂ ਲੱਖਾਂ ਬੱਚੇ ਪੈਦਾ ਕੀਤੇ ਜਾ ਸਕਦੇ ਹਨ। ਕੀ ਇਸਤਰੀ ਦੇ ਹੱਥਾਂ 'ਤੇ ਵੀ ਪੁੱਤਾਂ-ਧੀਆਂ ਦੀ ਗਿਣਤੀ ਲਿਖੀ ਹੁੰਦੀ ਹੈ ?

ਜੇ ਧਿਆਨ ਨਾਲ ਬਾਂਦਰ ਦੇ ਹੱਥ ਨੂੰ ਵੇਖਿਆ ਜਾਵੇ ਤਾਂ ਇਹ ਲਕੀਰਾਂ ਉਸ ਦੇ ਹੱਥ ਉੱਤੇ ਵੀ ਹੁੰਦੀਆਂ ਹਨ। ਪਰ ਤੁਸੀਂ ਕਦੇ ਵੀ ਕਿਸੇ ਜੋਤਸ਼ੀ ਨੂੰ ਬਾਂਦਰ ਦੇ ਹੱਥ ਵੇਖਦੇ ਨਹੀਂ ਵੇਖੋਗੇ। ਕਿਉਂਕਿ ਬਾਂਦਰ ਦੀ ਜੇਬ ਨਹੀਂ ਹੁੰਦੀ ਪਰ ਮਨੁੱਖ ਕੋਲ ਤਾਂ ਬਟੂਆ ਹੁੰਦਾ ਹੈ ਜਿਸ ਵਿੱਚੋਂ

ਹੱਥ ਰੇਖਾਵਾਂ ਦੀ ਅਸਲੀਅਤ

ਸਫ਼ਾ IV ਦੀ ਬਾਕੀ

ਪੈਸੇ ਨਿਕਲ ਕੇ ਜੋਤਸ਼ੀ ਦੇ ਜੇਬ ਵਿੱਚ ਚਲੇ ਜਾਂਦੇ ਹਨ। ਇੱਕ ਗੱਲ ਸਪੱਸ਼ਟ ਕਿਤੇ ਬਾਂਦਰਾਂ ਦੇ ਜੇਬਾਂ ਹੁੰਦੀਆਂ ਤਾਂ ਜੋਤਸ਼ੀਆਂ ਨੇ ਉਹਨਾਂ ਦੀਆਂ ਵੀ ਬਰਾਤਾਂ ਚੜ੍ਹਾਉਣੀਆਂ ਸਨ।

ਇੱਥੇ ਮੈਨੂੰ ਕਿਸੇ ਕਵੀ ਦੀ ਲਿਖੀ ਹੋਈ ਇੱਕ ਪੰਗਤੀ ਵੀ ਯਾਦ ਆਉਂਦੀ ਹੈ।

' ਕਿਸਮਤ ਉਨਕੀ ਵੀ ਹੋਤੀ ਹੈ, ਜਿਨਕੇ ਹਾਥ ਨਹੀਂ ਹੋਤੇ। ' ਹੱਥਾਂ 'ਤੇ ਲਕੀਰਾਂ ਕਿਉਂ.- ਕਈ ਵਿਅਕਤੀਆਂ ਨੇ ਮੈਨੂੰ ਇਹ ਸੁਆਲ ਕੀਤਾ ਹੈ ਕਿ ਜੋ ਕਿਸਮਤ ਹੱਥ ਉੱਤੇ ਨਹੀਂ ਲਿਖੀ ਹੁੰਦੀ ਤਾਂ ਹੱਥਾਂ 'ਤੇ ਲਕੀਰਾਂ ਕਿਉਂ ਪੈਂਦੀਆਂ ਹਨ? ਅਸਲ ਵਿੱਚ ਸਾਡੀ ਹਥੇਲੀ ਦੀ ਬਣਤਰ ਅਜਿਹੀ ਹੈ ਕਿ ਇਸ ਨੇ ਅੰਦਰ ਮੁੜਨਾ ਹੈ। ਅਮੀਬੇ ਤੋਂ ਲੈ ਕੇ ਮਨੁੱਖ ਤੱਕ ਦੇ ਜੀਵ ਵਿਕਾਸ ਦੇ ਤਿੰਨ ਸੌ ਕਰੋੜ ਵਰ੍ਹਿਆਂ ਦੌਰਾਨ ਮਨੁੱਖ ਜਾਤੀ ਨੂੰ ਵੱਡੇ ਸੰਘਰਸ਼ ਅਤੇ ਜਦੋਂ ਜਹਿਦ ਕਰਨੀ ਪਈ ਹੈ। ਇਸ ਜਦੋਂ-ਜਹਿਦ ਵਿੱਚ ਮਨੁੱਖੀ ਹੱਥ ਹੀ ਸਨ, ਜਿਨ੍ਹਾਂ ਨੇ ਸੰਦਾਂ ਨੂੰ ਫੜਣ ਅਤੇ ਵਰਤਣ ਦੀ ਜਾਂਚ ਸਿੱਖੀ। ਇਸ ਲਈ ਮਨੁੱਖੀ ਹਥੇਲੀ ਨੇ ਅੰਦਰ ਨੂੰ ਮੁੜਨ ਦਾ ਵੱਲ ਗ੍ਰਹਿਣ ਕੀਤਾ। ਇਸ ਲਈ ਹਥੇਲੀ ਤੇ ਚਮੜੀ ਦੀ ਸੈਲ ਬਣਤਰ ਕੁਝ ਵੱਖ ਕਿਸਮ ਵਿਕਸਤ ਹੋ ਗਈ, ਇਸ ਲਈ ਹਥੇਲੀ 'ਤੇ ਲਕੀਰੀਂ ਪੈ ਗਈਆਂ। ਸਾਡੇ ਹੱਥ ਬਾਹਰਲੇ ਪਾਸੇ ਨੂੰ ਮੁੜਦੇ ਹੀ ਨਹੀਂ ਇਸ ਲਈ ਬਾਹਰਲੇ ਪਾਸੇ ਲਕੀਰਾਂ ਹੀ ਨਹੀਂ। ਜਿੱਥੋਂ ਵੀ ਹੱਥ ਜਾਂ ਉਂਗਲੀਆਂ ਮੁੜਦੀਆਂ ਹਨ ਉੱਥੇ ਹੀ ਲਕੀਰਾਂ ਹਨ। ਸੋ ਲਕੀਰਾਂ ਕੁਝ ਨਹੀਂ ਇਹ ਤਾਂ ਹੱਥਾਂ ਦੇ ਮੋੜ ਹਨ। ਬੱਚੇ ਦਾ ਵਿਕਾਸ ਮਾਂ ਦੇ ਪੇਟ ਵਿੱਚ 280 ਦਿਨ ਹੁੰਦਾ ਹੈ। ਤੀਜੇ, ਚੌਥੇ ਅਤੇ ਪੰਜਵੇਂ ਮਹੀਨੇ ਵਿੱਚ ਅੰਗਾਂ ਦੀ ਪੈਦਾਇਸ਼ ਤੋ ਵਿਕਾਸ ਹੁੰਦਾ ਹੈ। ਇਸ ਵਿਕਾਸ ਸਮੇਂ ਦੌਰਾਨ ਬੱਚੇ ਦੀਆਂ ਮੁੱਠੀਆਂ ਬੰਦ ਹੁੰਦੀਆਂ ਹਨ। ਇਹ ਵੀ ਕਾਰਨ ਹੈ ਕਿ ਹੱਥ 'ਤੇ ਲਕੀਰਾਂ ਪੈ ਜਾਂਦੀਆਂ ਹਨ ਸਾਡੇ ਮਾਂ-ਪਿਉ ਅਤੇ ਵੱਡੇ-ਵਡੇਰਿਆਂ ਦੇ ਹੱਥਾਂ 'ਤੇ ਲਕੀਰਾਂ ਸਨ। ਮਾਪਿਆਂ ਦੇ ਗੁਣ ਬੱਚਿਆਂ ਵਿੱਚ ਪ੍ਰਵੇਸ਼ ਕਰਦੇ ਹੀ ਹਨ। ਇਸ ਤਰ੍ਹਾਂ ਹੱਥ ਦੀਆਂ ਲਕੀਰਾਂ ਦਾ ਗੁਣ ਵੀ ਪ੍ਰਵੇਸ਼ ਕਰ ਜਾਂਦਾ ਹੈ।

ਹੱਥ ਦੀਆਂ ਲਕੀਰਾਂ ਦਾ ਮਨੁੱਖੀ ਕਿੱਤੇ ਨਾਲ ਵੀ ਗੂੜਾ ਸਬੰਧ ਹੁੰਦਾ ਹੈ। ਹਲ ਵਾਹੁਣ ਵਾਲੇ ਕਿਸਾਨਾਂ ਦੇ ਹੱਥਾਂ 'ਤੇ ਲਕੀਰਾਂ ਅੱਧੀਆਂ ਹੀ ਰਹਿ ਜਾਂਦੀਆਂ ਹਨ। ਇਸ ਤਰ੍ਹਾਂ ਸਾਰਾ ਦਿਨ ਹਥੌੜੀ ਚਲਾਉਣ ਵਾਲੇ ਲੁਹਾਰ ਦੀਆਂ ਲਕੀਰਾਂ ਦਾ ਹਸਰ ਵੀ ਅਜਿਹਾ ਹੀ ਹੁੰਦਾ ਹੈ।

ਹੱਥ ਦੀਆਂ ਲਕੀਰਾਂ ਦਾ ਸਬੰਧ ਕਿਸੇ ਵਿਅਕਤੀ ਦੀ ਕਿਸਮਤ ਨਾਲ ਹੁੰਦਾ । ਪਰ ਜੋਤਸ਼ੀਆਂ ਨੇ ਆਪਣੀਆਂ ਕਿਸਮਤਾਂ ਦੇ ਨਿਰਮਾਣ ਲਈ ਇਹਨਾਂ ਲਕੀਰਾਂ ਦਾ ਸਬੰਧ ਕਿਸਮਤ ਨਾਲ ਜੋੜਨ ਲਈ ਹਜ਼ਾਰਾਂ ਸਾਲਾਂ ਤੋਂ ਇੱਕ ਯੋਜਨਾਬੰਦ ਢੰਗ ਨਾਲ ਪੂਰਾ ਪ੍ਰਚਾਰ ਕੀਤਾ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਇਸ ਪ੍ਰਥਾ ਦੀ ਗੀੜ ਦੀ ਹੱਡੀ ਤੋੜਨੀ ਅਤੀ ਜਰੂਰੀ ਹੈ।

ਅੰਤ ਵਿੱਚ ਮੈਂ ਤਰਕਸ਼ੀਲ ਸੁਸਾਇਟੀ ਭਾਰਤ ਵੱਲੋਂ ਸਮੂਹ ਹੱਥ ਰੇਖਾਵਾਂ ਦੇ ਮਾਹਰਾਂ ਨੂੰ ਚੁਣੌਤੀ ਦਿੰਦਾ ਹਾਂ ਕਿ ਤਰਕਸ਼ੀਲ ਸੁਸਾਇਟੀ ਉਹਨਾਂ ਦੇ ਸਾਹਮਣੇ ਬੁਰਕੇ ਪਾ ਕੇ ਦਸ ਵਿਅਕਤੀਆਂ ਨੂੰ ਖੜ੍ਹੇ ਕਰਨ ਲਈ ਤਿਆਰ ਹੈ। ਉਹਨਾਂ ਦਾ ਇੱਕ-ਇੱਕ ਹੱਥ ਨੰਗਾ ਹੋਵੇਗਾ। ਜੇ ਹੱਥ ਰੇਖਾਵਾਂ ਦੇ ਮਾਹਰ ਉਹਨਾਂ ਦੇ ਹੱਥ ਦੇਖ ਕੇ ਇਹ ਦੱਸ ਦੇਣਗੇ ਕਿ ਇਹਨਾਂ ਵਿੱਚ ਕਿੰਨੀਆਂ ਇਸਤਰੀਆਂ, ਕਿੰਨੇ ਮਰਦ ਅਤੇ ਕਿੰਨੇ ਖੁਸਰੇ ਹਨ। ਉਹਨਾਂ ਦੇ ਪੁੱਤਾਂ-ਧੀਆਂ ਦੀ ਗਿਣਤੀ ਅਤੇ ਉਹਨਾਂ ਦੀ ਯੋਗਤਾ ਅਤੇ ਕਿੱਤਾ ਕੀ-ਕੀ ਹੈ। ਜੇ ਉਹਨਾਂ ਦੇ ਜੁਆਬ 95 ਸਹੀ ਹੋਣਗੇ ਤਾਂ ਤਰਕਸ਼ੀਲ ਸੁਸਾਇਟੀ ਉਹਨਾਂ ਨੂੰ 25 ਲੱਖ ਰੁਪਏ ਦਾ ਇਨਾਮ ਦੇ ਦੇਵੇਗੀ। ਚੁਣੌਤੀ ਕਬੂਲ ਕਰਨ ਲਈ ਜੋਤਸ਼ੀਆਂ ਨੂੰ ਸਿਰਫ਼ ਪੰਜ ਹਜ਼ਾਰ ਰੁਪਏ ਦੀ ਰਾਸ਼ੀ ਜਮਾਨਤ ਦੇ ਤੌਰ 'ਤੇ ਜਮ੍ਹਾਂ ਕਰਵਾਉਣੀ ਹੋਵੇਗੀ। ਹਾਰ ਜਾਣ ਦੀ ਸੂਰਤ ਵਿੱਚ ਉਹਨਾਂ ਦੀ ਇਹ ਰਾਸ਼ੀ ਜਬਤ ਹੋ ਜਾਵੇਗੀ। ਜਿੱਤ ਜਾਣ ਦੀ ਸੂਰਤ ਵਿੱਚ ਇਹ 25 ਲੱਖ ਰੁਪਏ ਦੇ ਇਨਾਮ ਨਾਲ ਵਾਪਸ ਦੇ ਦਿੱਤੀ ਜਾਵੇਗੀ। ਜਮਾਨਤ ਸਿਰਫ਼ ਸਸਤੀ ਸ਼ੋਹਰਤ ਲੱਭਣ ਵਾਲੇ ਵਿਅਕਤੀਆਂ ਨੂੰ ਭਜਾਉਣ ਲਈ ਹੀ ਰੱਖੀ ਗਈ ਹੈ। ਹਰ ਕਿਸਮ ਦੇ ਜੋਤਸ਼ੀਆਂ, ਪਾਂਡਿਆਂ ਨੂੰ ਇਸ ਇਨਾਮ ਨੂੰ ਜਿੱਤਣ ਲਈ ਸੱਦਾ ਦਿੱਤਾ ਜਾਂਦਾ ਹੈ।

ਸਰਪ੍ਰਸਤ
ਤਰਕਸ਼ੀਲ ਸੁਸਾਇਟੀ ਭਾਰਤ
ਕੱਚਾ ਕਾਲਜ਼ ਰੋਡ , ਬਰਨਾਲਾ।

ਕਿਤਾਬਾਂ

ਨਾਟਕ ਯੁਗ ਵਰਤਾਰਾ
(ਰੀਵਾਈਜ਼ਡ ਪ੍ਰੋਡੱਕਸ਼ਨ ਐਡੀਸ਼ਨ)
ਵਿਧਾ - ਸੰਪੂਰਨ ਤਕਨੀਕੀ ਨਾਟਕ
ਲੇਖਕ ਦਾ ਨਾਮ - ਪੀ ਐਨ ਸ਼ਾਹੀ
ਪੰਨੇ - 120 ਮੁੱਲ - 150/-
ਪ੍ਰਕਾਸ਼ਕ - ਸੰਗਮ ਪਬਲੀਕੇਸ਼ਨ, ਸਮਾਣਾ

ਨਾਟਕ ਯੁਗ ਵਰਤਾਰਾ (ਸੰਪੂਰਨ ਤਕਨੀਕੀ ਨਾਟਕ) ਨਾਟਕਕਾਰ ਅਤੇ ਨਿਰਦੇਸ਼ਕ ਪੀ ਐਨ ਸ਼ਾਹੀ ਦੀ ਕਿਰਤ ਹੈ। ਆਪਣੇ ਸਵਰਗਵਾਸੀ ਪਿਤਾ ਸੰਦਾਸ, ਦੇਸ਼-ਭਗਤਾਂ/ਸ਼ਹੀਦਾਂ, ਸਾਬਕਾ ਵੀ.ਸੀ. (ਪੰ.ਯੂ.ਪਟਿਆਲਾ) ਕਿਰਪਾਲ ਸਿੰਘ ਨਾਰੰਗ ਅਤੇ ਮਾਰਗਦਰਸ਼ਕ ਪ੍ਰੋ: ਗੁਰੇਦਵ ਸਿੰਘ ਨੂੰ ਸਮਰਪਿਤ ਇਸ ਪੁਸਤਕ ਵਿਚ ਲੇਖਕ ਨੇ ਆਪਣੇ ਨਾਟਕ ਬਾਰੇ, ਮੇਰੀ ਜੂ ਬਲਾਕਿੰਗ ਅਤੇ ਸਟੇਜ ਜੌਗਰਫ਼ੀ ਬਾਰੇ, ਸਿਨੌਪਸਿਸ,ਨਾਟਕ ਬਾਰੇ, ਨਾਟਕ ਦੀ ਪੇਸ਼ਕਾਰੀ ਸੰਬੰਧੀ, ਪਾਤਰ ਸੂਚੀ ਅਤੇ ਪਿਛੋਕੜ ਅਤੇ 49-50 ਪੰਨਿਆਂ ਦੇ ਨਾਟਕ ਬਾਅਦ ਰੂਹ ਦੀ ਖੁਰਾਕ ਬਣ ਗਿਆ ਥੀਏਟਰ, ਹੋਰ ਨਾਟਕ, ਵਿਚਾਰਧਾਰਾ ਅਤੇ ਤਕਨੀਕ ਦਾ ਸੁਮੇਲ (ਅੰਗਰੇਜ਼ੀ ਵਿਚ ਵੀ ਨਾਟਕ ਦਾ ਆਲੋਚਨਾਤਮਕ ਅਧਿਐਨ ਪੇਸ਼ ਕੀਤਾ ਗਿਆ ਹੈ।

ਹਰਿਆਣੇ ਦੇ ਇਕ ਅਤਿ-ਗਰੀਬ, ਪਛੜੇ ਅਤੇ ਅਨਪੜ੍ਹ ਪਰਿਵਾਰ ਵਿਚ ਜੰਮੇ ਅਤੇ ਇਹੋ ਜਿਹੇ ਸਮਾਜ ਵਿਚ ਬਚਪਨ ਵਿਚ ਵਿਚਰੇ-ਵਿਗਸੇ (ਸ਼ਾਹੀ ਦੇ ਬਕੱਲਮ ਖੁਦ) ਸ਼ਾਹੀ ਨੂੰ ਬਚਪਨ ਵਿਚ ਹੀ ਨਾਟਕ ਲਿਖਣ ਅਤੇ ਖੇਡਣ ਦਾ ਸ਼ੌਂਕ ਪੈ ਗਿਆ ਸੀ, ਜੋ ਉਸ ਨੂੰ ਪੰਜਾਬੀ ਯੂਨੀਵਰਸਿਟੀ ਦੇ ਪ੍ਰੋਡੱਕਸ਼ਨ ਸਹਾਇਕ ਦੀ ਨੌਕਰੀ ਹਾਸਲ ਕਰਕੇ ਸ਼ੌਕ ਪੂਰਤੀ ਅਤੇ ਢਿੱਡ ਦੀ ਅੱਗ ਬੁਝਾਉਣ ਦਾ ਜ਼ਰੀਆ ਤਾਂ ਬਣਿਆ ਹੀ, ਸ਼ਾਹੀ ਨੇ ਆਪਣੇ ਅਧਿਐਨ, ਅਨੁਭਵ ਅਤੇ ਨੌਕਰੀ ਦੇ ਤਜਰਬੇ ਦੇ ਆਧਾਰ ਤੇ ਕਈ ਨਾਟਕ ਲਿਖੇ ਅਤੇ ਖੇਡੇ।

ਭਾਵੇਂ ਕਿ ਲੇਖਕ ਤਕਨੀਕੀ ਤੌਰ ਤੇ ਨਾਟਕ ਬਾਰੇ ਕਾਫ਼ੀ ਜਾਣਕਾਰ ਹੈ, ਪਰ ਉਸ ਦੀ ਭਾਸ਼ਾ ਵਿਚ ਅੰਗਰੇਜ਼ੀ, ਹਿੰਦੀ ਅਤੇ ਸੰਸਕ੍ਰਿਤ ਦੇ ਅਨੇਕਾਂ ਸ਼ਬਦ ਰਲੇ ਹਨ ਅਤੇ ਪੁਸਤਕ ਵਿਚ ਵਾਕ-ਬਣਤਰ ਅਤੇ ਸ਼ਬਦ-ਜੋੜਾਂ ਦੀਆਂ ਗ਼ਲਤੀਆਂ ਰੜਕਦੀਆਂ ਹਨ। ਫਿਚਰ (ਫੀਚਰ), ਮਸਾਲਚੀ (ਮਸ਼ਾਲਚੀ) ਜਿਹੇ ਸਧਾਰਣ ਜਿਹੇ ਸ਼ਬਦ ਵੀ ਗ਼ਲਤ ਲਿਖੇ ਗਏ ਹਨ। ਪੁਸਤਕ ਦੇ ਮੱਧ ਵਿਚ 31 ਰੰਗਦਾਰ ਤਸਵੀਰਾਂ ਵੀ ਹਨ, ਜੋ ਕਿ ਲੇਖਕ ਦੇ ਇਕ ਨਾਟਕਕਾਰ, ਨਿਰਦੇਸ਼ਕ ਅਤੇ ਅਦਾਕਾਰ ਵਜੋਂ ਹਾਸਲ ਪ੍ਰਾਪਤੀਆਂ ਅਤੇ ਅਨੁਭਵ ਦੀ ਸਾਖੀ ਭਰਦੀਆਂ ਹਨ।

ਪਰੰਪਰਕ ਵਿਧੀ ਵਿਚ ਲਿਖੇ ਇਸ ਨਾਟਕ ਵਿਚ ਯਥਾਰਥ, ਵਿਅੰਗ, ਸੰਕੇਤ ਅਤੇ ਮਿਥਿਹਾਸ ਜਿਹੀਆਂ ਵਿਧੀਆਂ ਦੀ ਵਰਤੋਂ ਕਰਕੇ ਲੇਖਕ ਨੇ ਸਮਕਾਲੀ ਲੋਕਾਂ ਦੇ ਵਿਹਾਰ ਦਾ ਲੇਖਾ-ਜੋਖਾ ਕਰਦਿਆਂ ਭਾਵੁਕ ਟਿੱਪਣੀਆਂ ਕੀਤੀਆਂ ਹਨ। ਨਾਟਕ ਦੇ ਪਾਤਰਾਂ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਰਹਿਬਰ ਸ਼ਹੀਦ ਭਗਤ ਸਿੰਘ ਅਤੇ ਸੱਯਦ ਵਾਰਸ ਸ਼ਾਹ ਅਤੇ ਯਮਲੋਕ ਦੇ ਮਿਥਿਹਾਸਕ ਪਾਤਰ ਧਰਮਰਾਜ, ਚਿੱਤਰਗੁਪਤ, ਢੰਡੋਰਚੀ, ਪਹਿਰੇਦਾਰ ਅਤੇ ਸਾਡੇ ਸਮਾਜ ਵਿਚੋਂ ਬਜ਼ੁਰਗ, ਭ੍ਰਿਸ਼ਟ ਨੇਤਾ, ਖੁਸਰਾ, ਇਕ ਬੁੱਢੀ ਅਤੇ ਦਰਵੇਸ਼ ਸ਼ਾਮਲ ਹਨ। ਕਹਾਣੀ ਅਨੁਸਾਰ ਧਰਮਰਾਜ ਭਗਤ ਸਿੰਘ ਅਤੇ ਵਾਰਸ ਸ਼ਾਹ ਵਰਗੀਆਂ ਮਹਾਨ ਆਤਮਾਵਾਂ ਨੂੰ ਵਾਪਸ ਮਾਤਲੋਕ ਜਾਣ ਲਈ ਆਖਦਾ ਹੈ, ਪਰ ਉਹ ਉਸ ਭ੍ਰਿਸ਼ਟਾਚਾਰ, ਸ਼ੋਸ਼ਣ-ਭਰਪੂਰ, ਅੱਤਿਆਚਾਰੀ ਅਤੇ ਦੂਸ਼ਿਤ ਸਮਾਜ ਵਿਚ ਜਾਣ ਤੋਂ ਇਨਕਾਰ ਕਰ ਦਿੰਦੇ ਹਨ, ਪਰ ਬਾਅਦ ਵਿਚ ਧਰਮਰਾਜ ਉਨ੍ਹਾਂ ਨੂੰ ਮਾਤਲੋਕ ਵਿਚ ਜਾ ਕੇ ਸਮਾਜ ਨੂੰ ਸੁਧਾਰਨ ਲਈ ਮਨਾ ਕੇ ਮਾਨਵਤਾ ਵਿਚ ਜਾਨ ਪਾਉਣ ਲਈ ਮਨਾ ਲੈਂਦਾ ਹੈ। ਇਹ ਨਾਟਕ ਅੰਗਰੇਜ਼ੀ ਦੇ ਪੂਰਵ-ਸ਼ੈਕਸਪੀਅਰ ਯੁਗ ਦੇ ਨੈਤਿਕਤਾ ਨਾਟਕ ਤੋਂ ਪ੍ਰਭਾਵਤ ਹੋ ਕੇ ਲਿਖਿਆ ਜਾਪਦਾ ਹੈ। ਅੱਜ ਦਾ ਨਾਟਕ-ਦਰਸ਼ਕ ਗੰਭੀਰ ਹੈ, ਜੋ ਕਿ ਮਨੋਵਿਗਿਆਨ, ਇਨਸਾਨੀ ਵਰਤਾਰੇ ਅਤੇ ਕੌਮਾਂਤਰੀ ਵਿਸ਼ਿਆਂ ਦੀ ਸੂਖਮ ਅਤੇ ਵਿਸ਼ਾਲ ਸਮਝ ਨਾਲ ਲੈਸ ਨਹੀਂ ਤਾਂ ਉਸ ਬਾਰੇ ਜਾਣਨ ਦਾ ਇਛੁੱਕ ਜ਼ਰੂਰ ਹੈ।

ਸਮਾਜਿਕ ਬੁਰਾਈਆਂ ਨੂੰ ਵਾਰ-ਵਾਰ ਸਾਹਮਣੇ ਲਿਆ ਕੇ ਨਾ ਤਾਂ ਸਮਾਜਿਕ ਸੁਧਾਰ ਸੰਭਵ ਹੈ, ਨਾ ਹੀ ਦਰਸ਼ਕ ਨੂੰ ਕੋਈ ਪ੍ਰੇਰਨਾ ਹਾਸਲ ਹੁੰਦੀ ਹੈ। ਜੇਕਰ ਨਾਟਕ-ਕਾਰ ਦਰਸ਼ਕ ਦੀ ਮੰਗ ਨੂੰ ਸਾਹਮਣੇ ਰੱਖ ਕੇ ਲਿਖੇ ਅਤੇ ਖੇਡੇ ਜਾਣ, ਤਾਂ ਨਾਟਕਕਾਰ ਦੀ ਕੋਸ਼ਿਸ਼ ਕਦੇ ਵਿਅਰਥ ਨਹੀਂ ਜਾਵੇਗੀ। ਇਸ ਨਾਟਕ ਨੂੰ ਸਮੱਸਿਆ-ਪ੍ਰਧਾਨ, ਬੌਧਿਕ ਜਾਂ ਸੰਕੇਤਕ ਨਾਟਕ ਦੀ ਸ਼੍ਰੇਣੀ ਵਿਚ ਰੱਖਣਾ ਤਾਂ ਸੰਭਵ ਨਹੀਂ ਹੈ, ਪਰ ਫਿਰ ਵੀ ਲੇਖਕ ਦੀ ਮਨਸ਼ਾ ਨੇਕ ਅਤੇ ਜਿੰਦਾਦਿਲ ਹੈ। ਨਾਟਕ ਵਿਅੰਗਾਤਮਿਕ ਟਿੱਪਣੀਆਂ ਨਾਲ ਭਰਪੂਰ ਹੈ।

ਪ੍ਰੋ: ਐਚ ਐਸ ਡਿੰਪਲ
2919, ਪਿਲਕਨ ਸਟਰੀਟ,
ਅਨਾਰਕਲੀ ਬਜ਼ਾਰ, ਜਗਰਾਓਂ - 142026

-0-

ਨਵਤੇਜ ਸਿੰਘ ਦੀਆਂ ਚੋਣਵੀਆਂ ਕਹਾਣੀਆਂ
ਬਲਜਿੰਦਰ ਮਾਨ
ਸੰਪਾਦਕ : ਡਾ. ਬਲਦੇਵ ਸਿੰਘ "ਬੱਦਨ"
ਪ੍ਰਕਾਸ਼ਕ : ਨੈਸ਼ਨਲ ਬੁੱਕ ਟਰੱਸਟ ਇੰਡੀਆ,
ਮੁੱਲ : 100 ਰੁਪਏ, ਪੰਨੇ : 240

ਪੰਜਾਬੀ ਸਾਹਿਤ ਵਿੱਚ ਆਦਰਯੋਗ ਥਾਂ ਬਣਾਉਣ ਵਾਲੇ ਸ੍. ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਸਾਹਿਬਜ਼ਾਦੇ ਸ੍. ਨਵਤੇਜ ਸਿੰਘ ਨੇ ਕਹਾਣੀ ਕਲਾ ਦਾ ਗੁਰ ਪਰਿਵਾਰ ਵਿੱਚੋਂ ਸਿੱਖ ਕੇ ਇਸ ਖੇਤਰ ਵਿੱਚ ਸ਼ਾਨਦਾਰ ਕਾਰਜ ਕੀਤਾ। ਬੜੀ ਥੋੜ੍ਹੀ ਜਿਹੀ ਉਮਰ ਵਿੱਚ ਹੀ ਉੱਚ ਪੱਧਰ ਦੀਆਂ ਕਹਾਣੀਆਂ ਦੀ ਰਚਨਾ ਕੀਤੀ।

ਇਨ੍ਹਾਂ ਸੰਗ੍ਰਹਿਆਂ ਵਿੱਚ ਕਹਾਣੀਆਂ ਦੀ ਚੋਣ 'ਚ ਮਹਾਨ ਕਾਰਜ ਨੂੰ ਆਪਣੀ ਸੰਪਾਦਕ ਕਲਾ ਨਾਲ ਨੈਸ਼ਨਲ ਬੁੱਕ ਟਰੱਸਟ ਇੰਡੀਆ ਦੇ ਸੰਯੁਕਤ ਨਿਰਦੇਸ਼ਕ ਅਤੇ ਮੁੱਖ ਸੰਪਾਦਕ ਸ੍. ਬਲਦੇਵ ਸਿੰਘ ਬੱਦਨ ਨੇ ਕੀਤਾ। ਸੰਪਾਦਕ ਨੇ ਬੜੀ ਮਿਹਨਤ ਨਾਲ ਨਵਤੇਜ ਦੀਆਂ ਕਹਾਣੀਆਂ ਦਾ ਅਧਿਐਨ ਕਰਕੇ ਜਿਹੜੀਆਂ 34 ਕਹਾਣੀਆਂ ਹੱਥਲੇ ਸੰਗ੍ਰਹਿ ਵਿੱਚ ਸ਼ਾਮਲ ਕੀਤੀਆਂ ਹਨ। ਉਹ ਸੱਚ-ਮੱਚ ਹੀ ਚੋਣਵੀਆਂ ਹਨ। ਭਾਵੇਂ ਇਹ ਕਹਾਣੀਆਂ ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਹੀ ਲਿਖੀਆਂ ਗਈਆਂ ਸਨ, ਪਰ ਅਜੋਕੇ ਸਮੇਂ ਵਿੱਚ ਹੀ ਇਨ੍ਹਾਂ ਦੀ ਉਨੀ ਸਾਰਥਿਕਤਾ ਹੈ।

ਨਵਤੇਜ ਦੇ ਇਸ ਚੋਣਵੇਂ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਪੜ੍ਹ ਕੇ ਅਹਿਸਾਸ ਹੁੰਦਾ ਹੈ ਕਿ ਉਸ ਨੇ ਆਪਣੀ ਕਹਾਣੀ ਕਲਾ ਵਿੱਚ ਨਵੇਂ ਵਿਸ਼ਿਆਂ ਦੀ ਆਮਦ ਕੀਤੀ। ਉਹ ਆਪਣੇ ਪੰਜਵੇਂ ਕਹਾਣੀ ਸੰਗ੍ਰਹਿ 'ਭਾਈਆਂ ਬਾਝ' ਤੱਕ ਪਹੁੰਚਦਿਆਂ ਇੱਕ ਸੱਘੜ ਕਹਾਣੀਕਾਰ ਬਣ ਜਾਂਦਾ ਹੈ। ਉਸ ਦੀਆਂ ਕਹਾਣੀਆਂ ਵਿੱਚ ਗੁਰਬਖਸ਼ ਸਿੰਘ ਵਾਂਗ ਆਦਰਸ਼ਕ ਤੇ ਉਪ ਭਾਵੁਕਤਾ ਦਾ ਉਸਾਰ ਵੇਖਣ ਨੂੰ ਨਹੀਂ ਮਿਲਦਾ। ਉਸਦੇ ਪਾਤਰਾਂ ਵਿੱਚ ਹਰ ਵਰਗ ਨੂੰ ਬਰਾਬਰ ਪ੍ਰਤੀਨਿਧਤਾ ਮਿਲਦੀ ਹੈ। ਚਾਹੇ ਉਹ ਪੇਂਡੂ ਹੋਣ ਜਾਂ ਸ਼ਹਿਰੀ। ਉਸਦੀਆਂ ਕਹਾਣੀਆਂ ਵਿੱਚ ਕਾਵਿਕਤਾ ਵੀ ਫੁਲਕਾਰੇ ਮਾਰਦੀ ਹੈ। ਉਹ ਕਦੀ ਮੌਕਾ ਨਹੀਂ ਗੁਆਉਂਦਾ ਜਦੋਂ ਕਹਾਣੀ ਵਿੱਚ ਕਵਿਤਾ ਦਰਜ ਕਰਨੀ ਹੋਵੇ। ਘਰ ਦਾ ਹਾਰ, ਭਈਆ ਬਾਝ, ਬਾਸਮਤੀ ਦੀ ਮਹਿਕ ਨਾਂ ਵਿੱਚ ਕੀ ਪਿਆ ਏ, ਅਜੰਤਾ ਵੱਲ ਜਾਂਦਾ ਰਾਹ ਅਤੇ ਮਨੁੱਖ ਆਦਿ ਕਹਾਣੀਆਂ ਦਾ ਇੱਥੇ ਜ਼ਿਕਰ ਕੀਤਾ ਜਾ ਸਕਦਾ ਹੈ। ਸਭ ਤੋਂ ਵੱਡਾ ਖਜ਼ਾਨਾ ਅਤੇ ਮੈਨੂੰ ਸ਼ੇਰ ਬਣਾਉ ਬਲਾ ਲਈ ਲਿਖੀਆਂ ਮਨੋਵਿਗਿਆਨਕ ਅਤੇ ਸਿੱਖਿਆ ਨਾਇਕ ਕਹਾਣੀਆਂ ਹਨ। ਇਸ ਤਰ੍ਹਾਂ ਨਵਤੇਜ ਦੀਆਂ ਕਹਾਣੀਆਂ ਵਿੱਚ ਬਹੁ-ਪਰਤੀ ਵਿਸ਼ੇ ਉੱਭਰੇ ਹਨ। ਉਸ ਨੇ ਆਪਣੀ ਹੀ ਸ਼ੈਲੀ ਵਿੱਚ ਇਨ੍ਹਾਂ ਦਾ ਐਡਰਾ ਅਕਸ ਕਾਇਮ ਰੱਖਿਆ ਹੈ।

ਨਵਜੇਤ ਨੇ ਆਪਣੀ ਪ੍ਰਗਤੀਵਾਦੀ ਸੋਚ ਦੇ ਕਾਰਨ ਹੀ ਆਪਣੀਆਂ ਕਹਾਣੀਆਂ ਵਿੱਚ ਨਵੇਂ ਪਤੀਮਾਨ ਲਿਆਂਦੇ ਹਨ। ਉਸਨੇ ਕਹਾਣੀ ਦੇ ਅਜਿਹੇ ਪਾਤਰ ਵੀ ਸਿਰਜੇ, ਜੋ ਉਸ ਦੀ ਸੋਚ ਦੀ ਤਰਜਮਾਨੀ ਕਰਦੇ ਹਨ। ਉਸ ਦੀਆਂ ਕਹਾਣੀਆਂ ਇਹ ਵੀ ਸੁਨੇਹਾ ਦਿੰਦੀਆਂ ਹਨ ਕਿ ਸਮਾਜਿਕ ਢਾਂਚੇ ਨੂੰ ਬਦਲਣ ਦੀ ਲੋੜ ਹੈ, ਕਿਉਂਕਿ ਸਰਕਾਰੀ ਨੀਤੀਆਂ ਅਤੇ ਸਥਾਪਤ ਰਵਾਇਤਾਂ ਨੇ ਅਜ਼ਾਦੀ ਦਾ ਸਹੀ ਮੁੱਲ ਨਹੀਂ ਤਾਰਿਆ ਕਹਾਣੀ ਜਲ੍ਹਿਆਂਵਾਲਾ ਬਾਗ ਪਿਆਰ ਅਤੇ "ਅਜ਼ਾਦੀ ਦਿਵਸ" ਵਿੱਚ ਬੜਾ ਵਿਅੰਗ ਹੈ। ਉਹ ਪ੍ਰੈੱਸ ਦੀ ਅਜ਼ਾਦੀ ਦੀ ਗੱਲ ਕਰਦਾ ਹੋਇਆ ਅਣਖੀਲੇ ਰਿਪੋਰਟਾਂ ਦੀ ਲੋੜ ਵੀ ਮਹਿਸੂਸਦਾ ਹੈ। ਪੁਲਿਸ ਦੀ ਮਾੜੀ ਕਾਰਗੁਜ਼ਾਰੀ ਨੂੰ ਵੀ ਕੁਝ ਕਹਾਣੀਆਂ ਵਿੱਚ ਕੋਸਿਆ ਗਿਆ ਹੈ। ਜੋ ਦੇਸ਼ ਦੇ ਰਾਖੇ ਬਣਨ ਦੀ ਬਜਾਏ ਇੱਜ਼ਤਾਂ ਦੇ ਲੋਟੂ ਅਤੇ ਰਿਸ਼ਤੇ ਨਾਤਿਆਂ ਦਾ ਮਾਣ ਕਰਦੇ ਹਨ। ਇਸ ਤਰ੍ਹਾਂ ਨਵਤੇਜ ਦਾ ਇਹ ਕਹਾਣੀ ਸੰਗ੍ਰਹਿ ਚੋਣਵਾਂ ਹੋਣ ਕਰਕੇ ਹਰ ਪਾਠਕ ਦੀ ਤਸੱਲੀ ਕਰਵਾਉਂਦਾ ਹੈ। ਮਹਿੰਗੇ ਮੁੱਲ ਨਾਲ ਮਿਲੀ ਅਜ਼ਾਦੀ ਦਾ ਸਹੀ ਇਸਤੇਮਾਲ ਕਰਨ ਦਾ ਸਬਕ ਵੀ ਇਨ੍ਹਾਂ ਕਹਾਣੀਆਂ ਤੋਂ ਮਿਲਦਾ ਹੈ।

ਕਿਸਾਨ ਬਣ ਰਿਹਾ ਗ਼ੁਲਾਮ

ਸਫ਼ਾ II ਦੀ ਬਾਕੀ

ਇਹਨਾਂ ਨੂੰ ਬਸ ਆਪਣੇ ਭਰੇ ਢਿੱਡ ਹੀ ਚਾਹੀਦੇ ਹਨ। ਤੇ ਨਾ ਹੀ ਅਸੀਂ ਕਰਮਾਂ-ਧਰਮਾਂ ਦੇ ਚੱਕਰਾਂ 'ਚ ਯਕੀਨ ਕਰਦੇ ਹਾਂ, ਨਾ ਹੀ ਇਹ ਸੋਚਦੇ ਹਾਂ ਕਿ ਪਿਛਲੇ ਜਨਮ ਵਿੱਚ ਮਾੜੇ ਕੰਮ ਕੀਤੇ ਤਾਂ ਇਹ ਜਨਮ ਮਿਲਿਆ ਹੈ। ਤੇ ਨਾ ਹੀ ਸਾਡੇ ਦਿਲ ਵਿੱਚ ਇਹਨਾਂ ਵਿਹਲੜ ਅਖੌਤੀ ਗੁਰੂਆਂ ਲਈ ਜਗ੍ਹਾ ਬਣ ਸਕਦੀ ਹੈ। ਇਹ ਭੂ-ਮਾਫੀਏ ਅਤੇ ਵਿਦੇਸ਼ੀ ਵਪਾਰਕ ਕੰਪਨੀਆਂ ਵਾਲੇ ਅੱਜ ਸਾਡੇ ਕਿਸਾਨਾਂ ਦੀ ਆਰਥਿਕ ਮੰਦਹਾਲੀ ਦਾ ਲਾਭ ਉਠਾ ਕੇ ਸਾਡੇ ਕੋਲੋਂ ਸਾਡੀ ਜ਼ਮੀਨ ਹਥਿਆਉਣ 'ਤੇ ਤੁਲੇ ਹਨ ਆਖ ਰਹੇ ਹਨ ਕਿ ਅਸੀਂ ਜ਼ਮੀਨਾਂ ਤੇ ਸਨਅਤਾਂ ਦਾ ਵਿਕਾਸ ਕਰਨਾ ਹੈ ਜਦੋਂ ਕਿ ਪਹਿਲਾਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਨਅਤੀ ਮਾਲ ਰੁਲ ਰਿਹਾ ਹੈ। ਜਿਵੇਂ ਥਾਂ-ਥਾਂ ਪੁਰਾਣੇ ਟਰੈਕਟਰਾਂ, ਸਕੂਟਰਾਂ, ਮੋਟਰ ਸਾਇਕਲਾਂ ਅਤੇ ਹੋਰ ਮਸ਼ੀਨੀ ਮਾਲ ਦੀਆਂ ਮੰਡੀਆਂ ਲੱਗ ਰਹੀਆਂ ਹਨ। ਖ੍ਰੀਦਣ ਵਾਲੇ ਗਾਹਕ ਨਹੀਂ ਮਿਲ ਰਹੇ। ਬਹੁਤੇ ਕਿਸਾਨਾਂ ਦੇ ਘਰੀਂ ਬੇਕਾਰ ਲੋਹਾ ਪਿਆ ਹੈ। ਦਰਅਸਲ ਭੂ-ਮਾਫੀਆ ਅਤੇ ਵਿਦੇਸ਼ੀ ਕੰਪਨੀਆਂ ਵਾਲੇ ਸਨਅਤੀ ਵਿਕਾਸ ਲਈ ਜ਼ਮੀਨਾਂ ਨਹੀਂ ਖਰੀਦ ਰਹੇ। ਇਹ ਤਾਂ ਸਾਡੀਆਂ ਜ਼ਮੀਨਾਂ ਖ਼ਰੀਦ ਕੇ ਆਪ ਉਪਜਾਊ ਜਮੀਨਾਂ ਦੇ ਮਾਲਕ ਬਨਾਉਣਾ ਚਾਹੁੰਦੇ ਹਨ। ਤੇ ਰਾਜਿਆਂ ਮਹਾਰਾਜਿਆਂ ਵਾਂਗੂ ਵੱਡੇ ਪੱਧਰ ਦੀ ਖੇਤੀ ਕਰਵਾਉਣੀ ਚਾਹੁੰਦੇ ਹਨ। ਤਾਂ ਜ਼ਮੀਨ ਦੀਆਂ ਰਿਹਾਇਸ਼ੀ ਕਲੋਨੀਆਂ ਬਣਾਉਣੀਆਂ ਚਾਹੁੰਦੇ ਹਨ ਜੇ ਅਸੀਂ ਪੈਸੇ ਦੇ ਲਾਲਚ ਵਿੱਚ ਆ ਕੇ ਆਪਣੀ ਜ਼ਮੀਨ ਵੇਚ ਦਿੰਦੇ ਹਾਂ ਤਾਂ ਧੋਬੀ ਦੇ ਕੁੱਤੇ ਵਾਂਗ ਅਸੀਂ ਕਿਸੇ ਵੀ ਪਾਸੇ ਦੇ ਨਹੀਂ ਰਹਿਣਾ, ਅਸੀਂ ਅਗਾਹਾਂ ਉਪਜਾਊ ਜ਼ਮੀਨਾਂ ਨਹੀਂ ਖਰੀਦ ਸਕਣੀ। ਉਪਜਾਊ ਜ਼ਮੀਨ ਤਾਂ ਇਹ ਖਰੀਦ ਜਾ ਰਹੇ ਹਨ ਤੇ ਜੇ ਕਿਸੇ ਕੋਲ ਤਾਂ ਉਹ ਸਾਨੂੰ ਛੋਟੇ ਕਿਸਾਨਾਂ ਨੂੰ ਨਹੀਂ ਵੇਚੇਗਾ ਤੇ ਨਾ ਹੀ ਸਾਡੇ ਕੋਲ ਪੈਸੇ ਹਨ ਇਹਨਾਂ ਜ਼ਮੀਨਾਂ ਖਰੀਦ ਨਹੀਂ ਸਕਦਾ ਵੇਚ ਸਕਦਾ ਹੈ। ਜੋ ਕੋਈ ਕਿਸਾਨ ਜ਼ਮੀਨ ਖਰੀਦ ਰਿਹਾ ਹੈ ਤਾਂ ਲਾਜ਼ਮੀ ਹੀ ਉਸ ਨੇ ਪਹਿਲਾਂ ਵੱਧ ਜ਼ਮੀਨ ਵੇਚੀ ਹੁੰਦੀ ਹੈ।

ਉਹ ਵੇਚੀ ਹੋਈ ਜ਼ਮੀਨ ਦੇ ਪੈਸੇ ਜਲਦੀ ਹੀ ਖੁਰਦ-ਬੁਰਦ ਕਰ ਦਿੰਦਾ ਹੈ। ਇਸ ਬਾਰੇ ਭੂ-ਮਾਫੀਆ ਵੀ ਚੰਗੀ ਤਰ੍ਹਾਂ ਜਾਣਦਾ ਹੈ। ਨਾ ਹੀ ਅਸੀਂ ਵਪਾਰ ਕਰ ਸਕਣੈ। ਕਿਉਂਕਿ ਵਪਾਰ ਕਰਨ ਦਾ ਸਾਡੇ ਕੋਲ ਤਜਰਬਾ ਨਹੀਂ। ਮੁੱਕਦੀ ਗੱਲ ਜ਼ਮੀਨਾਂ ਵੇਚ ਕੇ ਪ੍ਰਾਪਤ ਕੀਤਾ ਪੈਸਾ ਅਸੀਂ ਆਣ-ਉਪਜਾਊ ਕੰਮਾਂ ਜਿਵੇਂ ਵਿਆਹਾਂ, ਸ਼ਾਦੀਆਂ, ਮਰਨਿਆਂ, ਪਾਠਾਂ ਅਤੇ ਐਸ਼-ਇਸ਼ਰਤ ਦੇ ਕੰਮਾਂ ਅਤੇ ਨਸ਼ਿਆ ਵਗੈਰਾ ਤੇ ਖਰਚ ਕਰ ਦੇਣਾ ਹੈ। ਜਦੋਂ ਇਹ ਪੈਸਾ ਖਰਚ ਹੋ ਗਿਆ ਤਾਂ ਅਸੀਂ ਮਾਨਸਿਕ ਰੋਗੀ ਬਣ ਜਾਵਾਂਗੇ। ਸਾਡੀ ਨੌਜਵਾਨ ਪੀੜੀ ਪਹਿਲਾਂ ਹੀ ਬੇ-ਰੁਜ਼ਗਾਰੀ ਕਾਰਨ ਮਾਨਸਿਕ ਰੋਗੀ, ਨਸ਼ੱਈ ਅਤੇ ਚੋਰੀ, ਕਰਨ ਵਰਗੀਆਂ ਮਾੜੀਆਂ ਗੱਲਾਂ ਦੀ ਸ਼ਿਕਾਰ ਹੋ ਰਹੀ ਹੈ। ਅਸੀਂ ਵੀ ਮੰਨਦੇ ਹਾਂ ਕਿ ਛੋਟੇ ਪੈਮਾਨੇ ਦੀ ਖੇਤੀ ਕਾਮਯਾਬ ਨਹੀਂ ਹੋ ਰਹੀ। ਪਰ ਭੂ-ਮਾਫੀਏ ਤੇ ਦੂਜੇ ਹੋਰ ਲੁਟੇਰੇ ਸਾਡੀ ਕਿਸਾਨਾਂ ਦੀ ਹਾਲਾਤ ਸੁਧਾਰਨ ਲਈ ਜ਼ਮੀਨ ਨੂੰ ਕੱਠੀ ਨਹੀਂ ਕਰ ਰਹੇ। ਸਗੋਂ ਖੁਦ ਆਪ ਮੁੜ ਰਾਜੇ-ਮਹਾਰਾਜੇ ਬਨਣ ਲਈ ਜ਼ਮੀਨ ਆਪਣੀ ਮਾਲਕੀ ਹੇਠ ਇਕੱਠੀ ਕਰ ਰਹੇ ਹਨ। ਰਾਜਿਆਂ-ਮਹਾਰਾਜਿਆਂ ਦੇ ਰਾਜਾਂ ਸਮੇਂ ਤਾਂ ਅਸੀਂ ਕਿਸਾਨ ਸਿਰਫ਼ ਉਹਨਾਂ ਦੇ ਮੁਜ਼ਾਹਰੇ ਹੀ ਹੁੰਦੇ ਸੀ ਪਰ ਹੁਣ ਭੂ-ਮਾਫੀਆ ਵਗੈਰਾ ਸਾਨੂੰ ਆਪਣੇ ਗੁਲਾਮ ਬਣਾਉਣ ਖਾਤਰ ਇਹ ਭੂ-ਮਾਫੀਏ ਅਤੇ ਵਿਦੇਸ਼ੀ ਲੁਟੇਰੀਆਂ ਕੰਪਨੀਆਂ ਵਾਲੇ ਮੁੜ ਸਾਡੀਆਂ ਜ਼ਮੀਨਾਂ ਹੱੜਪਨ ਲਈ ਪੱਬਾਂ ਭਾਰ ਹੋ ਰਹੇ ਹਨ। ਉਹਨਾਂ ਦੇ ਇਉਂ ਕਰਨ ਨਾਲ ਅਸੀਂ ਕਿਸਾਨ ਸਾਰੇ ਆਰਥਿਕ, ਰਾਜਨੀਤਿਕ ਅਤੇ ਜਮਹੂਰੀ ਅਧਿਕਾਰਾਂ ਤੋਂ ਹੱਥ ਧੋ ਬੈਠਾਂਗੇ। ਅਸੀਂ ਕਿਸੇ ਵੀ ਸੂਰਤ ਵਿੱਚ ਇਉ ਨਹੀਂ ਹੋਣ ਦੇਵਾਂਗੇ।

ਅਸੀਂ ਤਾਂ ਅਮੀਰਾਂ ਤੋਂ ਕੁੱਝ ਨਹੀਂ ਮੰਗਦੇ। ਅਸੀਂ ਤਾਂ ਇਕੱਠੇ ਹੋ ਕੇ ਖੇਤੀ ਕਰਾਂਗੇ ਤੇ ਆਮਦਨ ਲਵਾਂਗੇ। ਅਸੀਂ ਇਹ ਵੀ ਜਾਣਦੇ ਹਾਂ ਜ਼ਮੀਨ ਦੇ ਛੋਟੇ-ਛੋਟੇ ਟੁਕੜੇ ਹਨ ਇਹਨਾਂ ਤੇ ਖੇਤੀ ਕਰਨੀ ਔਖੀ ਹੈ ਤਾਂ ਅਸੀਂ ਪਿੰਡਾਂ ਦੇ ਕਿਸਾਨ ਇਕੱਠੇ ਹੋ ਕੇ ਇਕੱਠੀ ਖੇਤੀ ਕਰਾਂਗੇ। ਪਿਛਲੇ ਅੰਦੋਲਨ ਵਿੱਚ ਜਿੱਤ ਪ੍ਰਾਪਤ ਕੀਤੀ ਹੈ। ਸਾਰੇ ਕਿਸਾਨ ਸਾਂਝੀ ਜ਼ਮੀਨ ਕਰਕੇ ਖੇਤੀ ਕਰਾਂਗੇ। ਸਾਂਝੀ ਖੇਤੀ ਕਰਨ ਨਾਲ ਸਾਡਾ ਆਪਸ ਵਿੱਚ ਮੋਹ-ਪਿਆਰ ਤਾਂ ਵਧੇ ਹੀ ਵਧੇਗਾ।

ਇਸ ਦੇ ਨਾਲ ਹੀ ਸਾਨੂੰ ਆਰਥਿਕ ਪੱਖੋਂ ਬੱਚਤ ਵੀ ਹੋਵੇਗੀ। ਕਿਉਂਕਿ ਅੱਜ ਸਾਡੀ ਕਿਸਾਨਾਂ ਦੀ ਜ਼ਮੀਨ ਦੋ-ਦੋ, ਚਾਰ-ਚਾਰ ਜਾਂ ਪੰਜ-ਪੰਜ ਏਕੜਾਂ ਦੇ ਟੁਕੜਿਆਂ ਵਿੱਚ ਹੈ। ਜਿਸ ਤੋਂ ਕਾਫ਼ੀ ਜ਼ਮੀਨ ਵੱਟਾਂ, ਡੋਲਾਂ, ਖਾਲ੍ਹਾਂ-ਖੱਪਿਆਂ ਅਤੇ ਡੰਡੀਆਂ-ਰਾਹਾਂ ਵਗੈਰਾ ਵਿੱਚ ਫਾਲਤੂ ਰੁਕੀ ਹੋਈ ਹੈ। ਪੰਜ-ਪੰਜ ਜਾਂ ਚਾਰ-ਚਾਰ ਏਕੜ ਵਾਲਾ ਕਿਸਾਨ ਵੀ ਖੇਤੀ ਦੇ ਉੱਚ ਤਕਨੀਕ ਵਾਲੇ ਸੰਦ ਜਿਵੇਂ.-ਟਰੈਕਟਰ, ਕੰਬਾਇਨ, ਕੀੜੇ ਮਾਰ ਦਵਾਈਆਂ ਅਤੇ ਨਦੀਨ ਨਾਸ਼ਕ ਦਵਾਈਆਂ ਵਰਤਦਾ ਹੈ। ਆਪ ਹੱਥੀਂ ਕੰਮ ਕਰਨੋਂ ਹਟ ਰਿਹਾ ਹੈ। ਜਿਸ ਕਾਰਨ ਛੋਟੇ -ਪੈਮਾਨੇ ਦੀ ਖੇਤੀ ਦੇ ਖਰਚੇ ਆਮਦਨ ਨੂੰ ਪਿੱਛੇ ਛੱਡ ਜਾਂਦੇ ਹਨ। ਫੇਰ ਅਸੀਂ ਕਰਜ਼ੇ ਦੇ ਬੋਝ ਹੇਠ ਆ ਜਾਂਦੇ ਹਾਂ। ਇਹੀ ਕਾਰਨ ਹੈ ਕਿ ਛੋਟੇ ਪੈਮਾਨ ਦੀ ਖੇਤੀ ਕਰਨ ਵਾਲੇ ਕਿਸਾਨਾਂ ਵਿੱਚ ਆਤਮ-ਹੱਤਿਆਂ ਕਰਨ ਦਾ ਰੁਝਾਨ ਵੱਧ ਰਿਹਾ ਹੈ। ਅਸੀਂ ਕਿਸਾਨਾਂ ਦੀਆਂ ਜ਼ਮੀਨਾਂ ਦੇ ਟੁਕੜਿਆਂ ਨੂੰ ਇਕੱਠੇ ਕਰਨ ਲਈ ਵਿਚਕਾਰੋਂ ਵਾਧੂ ਵੱਟਾਂ, ਡੋਲਾਂ, ਖਾਲ੍ਹ ਅਤੇ ਰਾਹ ਵਗੈਰਾ ਚੱਕ ਦੇਵਾਂਗੇ। ਇਹਨਾਂ ਵੱਲੋਂ ਰੋਕੀ ਜ਼ਮੀਨ ਵਾਹੀ-ਯੋਗ ਜ਼ਮੀਨ ਵਿੱਚ ਰਲਾਵਾਂਗੇ। ਸਾਂਝੇ ਫਾਰਮ ਦੀ ਲੋੜ ਦੀ ਵਰਤੋਂ ਕਰਾਂਗੇ। ਇਉ ਕਰਨ ਨਾਲ ਖੇਤੀ-ਲਾਗਤਾਂ ਨਾਲੋਂ ਖੇਤੀ ਆਮਦਨਾਂ ਵਧਣਗੀਆਂ ਤੇ ਸਾਡੇ ਕਿਸਾਨ ਆਤਮ-ਨਿਰਭਰ ਹੋਣ ਦੇ ਨਾਲ ਖੁਸ਼ਹਾਲ ਹੋਣਗੇ। ਉਹਨਾਂ ਦੀ ਜ਼ਿੰਦਗੀ ਸੁੱਖਾਂ ਸਹੂਲਤਾਂ ਭਰਪੂਰ ਹੋਵੇਗੀ। ਵੱਟਾਂ, ਡੋਲਾਂ ਪਿੱਛੇ ਭਰਾ-ਭਰਾ ਦਾ ਸਿਰ ਨਹੀਂ ਪਾੜੇਗਾ। ਜ਼ਮੀਨ ਦੀ ਮਾਲਕੀ ਪਿੱਛੇ ਹੁੰਦੀਆਂ ਲੜਾਈਆਂ, ਝਗੜਿਆਂ ਦਾ ਫਸਤਾ ਵੱਡਿਆ ਜਾਵੇਗਾ। ਕਿਰਤ ਕਰਨ ਵਾਲਾ ਰੱਜ ਕਕੇ ਖਾਵੇਗਾ। ਵਿਹਲੜ ਲਈ ਕੋਈ ਥਾਂ ਨਹੀਂ ਹੋਵੇਗੀ। **ਚੱਲਦਾ**

ਤੋਂ ਬਿਨ੍ਹਾਂ ਹੋਰ ਕੋਈ ਰਸਤਾ ਨਹੀਂ ਸੀ। ਸੁਰਿੰਦਰ ਅਤੇ ਜਸਪਾਲ ਨਾਲ ਵੀ ਇਸ ਖ਼ਬਰ ਬਾਰੇ ਗੱਲਬਾਤ ਕੀਤੀ।" ਜ਼ਰੂਰੀ ਨਹੀਂ ਹੁੰਦਾ ਜੋ ਸਾਨੂੰ ਦਿਖਾਈ ਦੇਵੇ ਉਹ ਸੱਚ ਹੋਵੇ, ਵੈਸੇ ਤੇਰੇ ਸਹੁਰਿਆਂ ਦੇ ਸ਼ਹਿਰ ਦਾ ਸਾਡਾ ਪਾਰਟੀ ਦਾ ਜ਼ਿਲ੍ਹਾ ਪ੍ਰਧਾਨ ਰਹਿੰਦਾ ਹੈ ਮੁਲਖ ਰਾਜ ਦੀ ਪੁਲਿਸ ਵਿੱਚ ਕਾਫ਼ੀ ਜਾਣ-ਪਹਿਚਾਣ ਹੈ। ਸਾਨੂੰ ਕਿਹੜਾ ਭੁੱਲਿਆ ਹੈ। ਮੈਂ ਜਸਪਾਲ ਅਤੇ ਮੈਡਮ ਨੀਲਮ ਤੇਰੇ ਸਹੁਰੇ ਜਾਵਾਂਗੇ। ਪਹਿਲਾਂ ਪਾਰਟੀ ਦੇ ਪ੍ਰਧਾਨ ਨੂੰ ਮਿਲਾਂਗੇ, ਫਿਰ ਤੇਰੇ ਸਹੁਰੇ ਘਰ ਜਾ ਕੇ ਗੱਲ-ਬਾਤ ਮੁਕਾ ਲਵਾਂਗੇ।" ਸੁਰਿੰਦਰ ਸੰਜੀਵ ਦੇ ਸਹੁਰੇ ਗਿਆ, ਪਾਰਟੀ ਪ੍ਰਧਾਨ ਨਾਲ ਇਸ ਵਿਸ਼ੇ 'ਤੇ ਗੱਲਬਾਤ ਕੀਤੀ। ਇਸ ਸਬੰਧੀ ਸਾਰੀ ਜਾਣਕਾਰੀ ਇਕੱਠੀ ਕੀਤੀ। ਉਸ ਨੇ ਸੁਰਿੰਦਰ ਨੂੰ ਕਿਹਾ "ਨਾਮ ਤਾਂ ਇਸ ਲੜਕੀ ਦਾ ਹੀ ਹੈ, ਪਰ ਉਹ ਕੁੜੀ ਹੋਰ ਨਿਕਲੀ ਹੈ, ਉਸ ਦਾ ਤਾਂ ਧੰਦਾ ਹੀ ਜਿਸ਼ਮ ਫਰੋਸ਼ੀ ਦਾ ਸੀ।" ਚਲੋ ਪ੍ਰਧਾਨ ਸਾਹਿਬ ਦੇ ਮਨ ਨੂੰ ਤਸੱਲੀ ਤਾਂ ਹੋ ਗਈ। ਇੱਕ ਬੋਝ ਤਾਂ ਦਿਲ ਤੋਂ ਦੂਰ ਹੋ ਗਿਆ। ਸੰਜੀਵ ਦਾ ਡਰ ਵੀ ਖ਼ਤਮ ਹੋ ਗਿਆ। ਸੁਰਿੰਦਰ, ਮੈਡਮ ਅਤੇ ਪਾਰਟੀ ਪ੍ਰਧਾਨ ਸੰਜੀਵ ਦੇ ਸਹੁਰੇ ਘਰ ਗਏ ਅਤੇ ਗੱਲਬਾਤ ਕਰਨ ਤੋਂ ਬਾਅਦ ਆਪਣੇ ਸ਼ਹਿਰ ਵਾਪਸ ਆ ਗਏ।

"ਦੇਖ ਸੰਜੀਵ ਤੂੰ ਮੇਰਾ ਵੀਰ ਅਤੇ ਪੁੱਤਰਾਂ ਵਰਗਾ ਹੈਂ, ਮੈਡਮ ਨੀਲਮ ਸੰਜੀਵ ਨਾਲ ਗੱਲ ਕਰਦਿਆਂ ਬੋਲੀ, ਇੱਕ ਗੱਲ ਹੈ ਤੇਰੇ ਅਤੇ ਉਸ ਪ੍ਰਵਾਰ ਦਾ ਕੋਈ ਮੇਲ ਨਹੀਂ । ਤੂੰ ਕਿੰਨੇ ਹੌਂਸਲੇ ਅਤੇ ਪਿਆਰ ਨਾਲ ਗੱਲ ਕਰਦਾਂ ਹੈਂ ਅਤੇ ਉੱਧਰ ਤੇਰੀ ਜ਼ਨਾਨੀ ਤਾਂ ਖਾਣ ਨੂੰ ਪੈਂਦੀ ਹੈ। ਮੈਂ ਵੀ ਇੱਕ ਔਰਤ ਹਾਂ ਅਤੇ ਉਹ ਤੇਰੀ ਇੱਜ਼ਤ ਬਿੱਲਕੁਲ ਨਹੀਂ ਕਰਦੀ। ਤੇਰਾ ਸਹੁਰਾ ਤਾਂ ਅੱਤ ਦਰਜੇ ਜਾ ਜ਼ਾਹਿਲ ਅਤੇ ਮੂਰਖ ਹੈ।"

" ਸੰਜੀਵ ਮੈਡਮ ਨੀਲਮ ਠੀਕ ਕਹਿੰਦੀ ਹੈ, ਤੇਰੀ ਜ਼ਨਾਨੀ ਦੇ ਲੱਛਣ ਵੱਸਣ ਵਾਲੇ ਨਹੀਂ ਹਨ। ਇਸ ਸਾਰੇ ਪਿੱਛੇ ਤੇਰੀ ਸੱਸ ਦਾ ਹੱਥ ਹੈ, ਉਹ ਕਿਸੇ ਨੂੰ ਕੁੱਝ ਮੰਨਣ ਨੂੰ ਤਿਆਰ ਨਹੀਂ, ਸੁਰਿੰਦਰ ਬੋਲਿਆ। ਸੰਜੀਵ ਭਰਾ, ਤੇਰੇ ਸਹੁਰੇ ਦਾ ਵੱਡਾ ਭਰਾ ਅਤੇ ਉਸ ਦੀ ਜ਼ਨਾਨੀ ਕਾਫ਼ੀ ਚਾਲਾਕ ਹੈ। ਇਸ ਸਭ ਪਿੱਛੇ ਉਸ ਦਾ ਦਿਮਾਗ ਚੱਲ ਰਿਹਾ ਹੈ। ਤੇਰੇ ਸੱਸ ਸਹੁਰਾ ਉਹਨਾਂ ਦੇ ਪਿੱਛੇ ਲੱਗੇ ਹੋਏ ਹਨ। ਸਾਡੀ ਤਾਂ ਬੱਸ ਕੋਸ਼ਿਸ਼ ਹੈ...।

ਚੱਲੋ ਠੀਕ ਹੈ, ਤੁਸੀਂ ਸਿਆਣੇ ਹੋ। ਅਗਰ ਨਹੀਂ ਮੰਨਦੇ ਤਾਂ ਠੀਕ ਹੈ। ਸਾਡੀ ਤਾਂ ਕੋਸ਼ਿਸ਼ ਹੈ ਨਾਲੇ ਮੈਂ ਕਿਹੜਾ ਘੱਟ ਮਿਹਨਤ ਕੀਤੀ ਹੈ ਪਰ ਉਹਨਾਂ ਨੇ ਤਾਂ ਮੈਨੂੰ ਨਿਕੰਮਾ ਸਿੱਧ ਕਰਨ ਦੀ ਮਨ ਵਿੱਚ ਧਾਰ ਲਈ ਹੈ, ਅੱਗੇ ਜੋ ਹੋਵੇਗਾ, ਵੇਖਿਆ ਜਾਵੇ... ਸੰਜੀਵ ਗੰਭੀਰਤਾ ਨਾਲ ਇਹ ਸਭ ਕਹਿ ਗਿਆ। ਸੰਜੀਵ ਦੇ ਮਾਤਾ-ਪਿਤਾ ਨੇ ਵੀ ਕਿਹਾ ਕਿ ਜਿਵੇਂ ਠੀਕ ਲੱਗੇ ਕਰੋ ਅਗਰ ਨਹੀਂ ਬਣਦੀ ਤਾਂ ਕੀ ਕੀਤਾ ਜਾਵੇ। ਹੁਣ ਆਣ-ਜਾਣ ਦੀ ਕੋਈ ਜ਼ਰੂਰਤ ਨਹੀਂ। ਇਸ ਤੋਂ ਬਾਅਦ ਸੰਜੀਵ ਨੇ ਅਦਾਲਤ ਰਾਹੀਂ ਰੋਸ਼ਨੀ ਨੂੰ ਸੰਮਨ ਭੇਜੇ। ਅਗਲੀਆਂ ਤਿੰਨ ਤਰੀਕਾਂ ਵਿੱਚ ਰੋਸ਼ਨੀ ਜਾਂ ਉਸ ਦੇ ਪਰਿਵਾਰ ਦਾ ਕੋਈ ਮੈਂਬਰ ਕਚਹਿਰੀ ਨਹੀਂ ਆਇਆ। ਅਦਾਲਤ ਨੂੰ ਸੰਮਨ ਰਾਹੀਂ ਭੇਜੀ ਚਿੱਠੀ ਵੀ ਵਾਪਸ ਆ ਗਈ। ਜੱਜ ਸਮਝ ਗਿਆ ਕਿ ਉਹ ਜਾਣ-ਬੁੱਝ ਕੇ ਨਹੀਂ ਆ ਰਹੇ, ਇਸ ਕਰਕੇ ਉਹਨਾਂ ਨੇ ਅਦਾਲਤ ਦਾ ਅਪਮਾਨ ਕੀਤਾ ਹੈ। ਜੱਜ ਨੇ ਇੱਕ ਤਰਫਾ ਫੈਂਸਲਾ ਸੰਜੀਵ ਦੇ ਹੱਕ ਵਿੱਚ ਕਰ ਦਿੱਤਾ। ਫਿਰ ਤਰੀਕਾਂ ਪਈਆਂ ਅਤੇ ਗਵਾਹੀਆਂ ਹੋਈਆਂ ਅਤੇ ਛੇ ਮਹੀਨੇ ਬਾਅਦ ਸੰਜੀਵ ਨੂੰ ਡਿਗਰੀ ਮਿਲ ਗਈ। ਰੋਸ਼ਨੀ ਦਾ ਪਰਿਵਾਰ ਅਦਾਲਤ ਦੀ ਪ੍ਰਵਾਹ ਨਾ ਕਰਨ ਕਰਕੇ ਅਦਾਲਤ ਦਾ ਗੁਣਾਗਾਰ ਬਣ ਗਿਆ।

ਰੋਸ਼ਨੀ ਦਾ ਮਾਮਾ ਰੋਸ਼ਨੀ ਦੇ ਘਰ ਆਇਆ, ਉਹ ਕਾਮਰੇਡ ਹੋਣ ਕਰਕੇ ਕਾਮਰੇਡਾਂ ਦੀ ਪਾਰਟੀ ਨਾਲ ਸਬੰਧ ਰੱਖਦਾ ਸੀ। ਰੋਸ਼ਨੀ ਦੇ ਪ੍ਰਵਾਰ ਦਾ ਗੁਆਂਢੀ ਪ੍ਰੋਫੈਸਰ, ਰੋਸ਼ਨੀ ਦਾ ਤਾਇਆ ਨਾਲੇ ਪਿਛਲੇ ਪਾਸੇ ਰਹਿਣ ਵਾਲਾ ਵਕੀਲ ਆਇਆ। "ਰੋਸ਼ਨ ਲਾਲ ਜੀ ਹੁਣ ਆਪਾਂ ਸਭ ਇਕੱਠੇ ਹਾਂ। ਅਦਾਲਤ ਵੱਲੋਂ ਰੋਸ਼ਨੀ ਨਾਲ ਵਸਾਉਣ ਦੀ ਡਿਗਰੀ ਸੰਜੀਵ ਨੂੰ ਮਿਲ ਗਈ ਹੈ। ਤੁਸੀਂ ਆਪਣੀ ਬੇਟੀ ਨੂੰ ਉਸ ਦੇ ਘਰ ਭੇਜਣਾ ਚਾਹੁੰਦੇ ਹੋ ਜਾਂ ਨਹੀਂ? ਤਾਂ ਜੋ ਉਸ ਮੁਤਾਬਿਕ ਹੀ ਕਾਰਵਾਈ ਕਰੀਏ। ਕੋਲ ਬੈਠੀ ਰੋਸ਼ਨੀ ਬੋਲੀ "ਮੈਂ ਨਹੀਂ ਜਾਣਾ ਉਸ ਝੁੱਡੂ ਜਿਹੇ ਨਾਲ, ਜਿਹੜਾ ਆਪਣੇ ਮਾਂ-ਬਾਪ ਦੀ ਪੂਛ ਫੜ੍ਹੀ ਬੈਠਾ ਹੈ। ਮਾਂ ਬਿਨ੍ਹਾਂ ਸਾਹ ਨਹੀਂ ਭਰਦਾ, ਮਾਂ ਕਾਹਦੀ ਭੂਰੀ ਭੂਤਨੀ, ਚੜੇਲ ਹੈ ਤੇ ਪਿਉ ਜਨਾਨਾ ਜਿਹਾ...। ਚੁੱਪ ਕਰ ਜਾ ਤੈਨੂੰ ਬੋਲਣ ਲਈ ਕਿਹਾ ਕਿਸੇ ਨੇ, ਅਸੀਂ ਜੂ ਬੈਠੇ ਹਾਂ, ਤੈਨੂੰ ਕੋਈ ਬੋਲਣ ਦੀ ਲੋੜ ਨਹੀਂ... ਕੋਲ ਬੈਠਾ ਹੋਇਆ ਤਾਇਆ ਸਿਆਣਪ ਦਿਖਾਉਂਦਾ ਹੋਇਆ ਬੋਲਿਆ। ਭਾਅ ਜੀ ਜਿਸ ਨੂੰ ਦੁੱਖ ਲੱਗਦਾ ਹੈ, ਦਰਦ ਵੀ ਉਸ ਨੂੰ ਹੁੰਦਾ ਹੈ। ਕੰਜਰਾਂ ਨੇ ਮੁਕੱਦਮਾ ਕਰ ਦਿੱਤਾ ਸਾਡੇ 'ਤੇ। ਉਹਨਾਂ ਦੀ ਨੀਅਤ ਵਿੱਚ ਪਹਿਲਾਂ ਹੀ ਖੋਟ ਸੀ, ਭੋਲੇ ਬਣਦੇ ਕਿਵੇਂ ਪਾਖੰਡ ਕਰਦੇ ਨੇ। ਕੰਜਰ ਨਿਕੰਮਾ ਜਿਹਾ, ਕੰਮ ਤਾਂ ਕੋਈ ਕਰਦਾ ਨਹੀਂ, ਆਪਣੇ ਮਾਂ-ਪਿਉ ਦੇ ਸਿਰ 'ਤੇ ਆਕੜ ਦਾ ਫਿਰਦਾ ਹੈ। "ਚੁੱਪ ਕਰਦੀਆਂ ਕਿ ਨਹੀਂ ਦੋਵੇਂ ਮਾਵਾਂ-ਧੀਆਂ, ਕਿਵੇਂ ਕੁੱਤੇ ਵਾਂਗ ਭੌਂਕੀ ਜਾ ਰਹੀਆਂ ਨੇ। ਜੇ ਸਾਰੇ ਫੈਂਸਲੇ ਤੁਸੀਂ ਕਰਨੇ ਸੀ ਤਾਂ ਸਭ ਨੂੰ ਸੱਦਣ ਦੀ ਕੀ ਲੋੜ ਸੀ? ਰੋਸ਼ਨੀ ਦਾ ਪਿਉ ਮਾਵਾਂ-ਧੀਆਂ 'ਤੇ ਭੜਕ ਪਿਆ।

"ਹਾਂ ਬੇਟਾ ਚੁੱਪ ਹੋ ਜਾ, ਅਸੀਂ ਜੂ ਬੈਠੇ ਹਾਂ, ਤੁਸੀਂ ਫ਼ਿਕਰ ਨਾ ਕਰੋ। ਇਹ ਕਾਨੂੰਨੀ ਲੜਾਈ ਹੈ, ਕਾਨੂੰਨ ਦੇ ਨਾਲ ਹੀ ਮੁੱਕਣੀ ਹੈ। ਆਵੇਂ ਵਾਧੂ ਬੋਲਣ ਦੀ ਲੋੜ ਨਹੀਂ। ਬੋਲਣ ਨਾਲ ਕੁੱਝ ਨਹੀਂ ਬਣਦਾ ਉਹਨਾਂ ਨੇ ਘਟੀਆ ਤੇ ਗਹਿਰੀ ਚਾਲ ਚੱਲੀ ਹੈ... ਪ੍ਰੋਫੈਸਰ ਤਸੱਲੀ ਦਿੰਦਾ ਹੋਇਆ ਬੋਲਿਆ।"

"ਰੋਸ਼ਨ ਲਾਲ ਜੀ ਅਸੀਂ ਗੁਆਂਢੀ ਹਾਂ ਅਤੇ ਕਈ ਸਾਲਾ ਤੋਂ ਇਕੱਠੇ ਰਹਿ ਰਹੇ ਹਾਂ, ਕਾਫ਼ੀ ਸਾਲਾਂ ਤੋਂ ਇਕੱਠੇ ਰਹੇ ਹਾਂ। ਇੱਕ ਵਕੀਲ ਕੀ ਹੈਸੀਅਤ ਦੇ ਨਾਲ ਨਹੀਂ, ਇੱਕ ਹਮਦਰਦ ਹੋਣ 'ਤੇ ਪੁੱਛਦਾ ਹਾਂ, ਤੁਹਾਡੀ ਕੀ ਸਲਾਹ ਹੈ..?

"ਹਾਂ ਦੱਸ ਭਾਅ ਜੀ, ਤੁਹਾਡਾ ਹਰ ਹੁਕਮ ਮੰਨਣ ਲਈ ਤਿਆਰ ਹਾਂ। ਹੁਣ ਤਾਂ ਤੁਹਾਡਾ ਹੀ ਆਸਰਾ ਹੈ, ਉਹਨਾਂ ਕੋਲ ਪੈਸਾ ਅਤੇ ਪਹੁੰਚ ਵੀ ਬੱਚਤ ਹੈ। ਵੇਖਿਆ ਕਿਵੇਂ, ਕਿੰਨੇ ਬੰਦੇ ਇਕੱਠੇ ਹੋ ਕੇ ਆਉਂਦੇ ਹਨ, ਪਤਾ ਨਹੀਂ ਕਿਹੜੇ-ਕਿਹੜੇ ਲੀਡਰਾਂ ਨਾਲ ਫਿਰਦੇ ਹੈ ਸੰਜੀਵ...।"

" ਅਸੀਂ ਰੋਸ਼ਨੀ ਦੇ ਸਹੁਰੇ 'ਤੇ ਕੇਸ ਕਰਦੇ ਹਾਂ। ਇਲਜ਼ਾਮ ਲਗਾ ਦਿੰਦੇ ਹਾਂ ਸੱਸ-ਸਹੁਰਾ, ਪਤੀ, ਜੇਠ-ਜੇਠਾਣੀ ਸਭ ਤੰਗ ਕਰਦੇ ਹਨ, ਦਾਜ਼ ਮੰਗਦੇ ਹਨ। ਅੱਧੀ-ਅੱਧੀ ਰਾਤ ਨੂੰ ਕੁੜੀ ਨੂੰ ਕੁੱਟ ਕੇ ਘਰੋਂ ਬਾਹਰ ਕੱਢ ਦਿੰਦੇ ਹਨ। ਪਤੀ ਕੋਈ ਕੰਮ ਨਹੀਂ ਕਰਦਾ, ਮਾਂ-ਬਾਪ ਦੇ ਸਿਰ 'ਤੇ ਹੈ। ਉਸ ਦੇ ਕਿਸੇ ਦੂਸਰੀ ਲੜਕੀ ਨਾਲ ਸਬੰਧ ਹਨ। ਮਾਂ-ਪਿਉ ਉਸ ਨਾਲ ਵਿਆਹ ਕਰਨਾ ਚਾਹੁੰਦੇ ਹਨ। ਸੱਸ ਨੇ ਮੇਰੇ ਉੱਤੇ ਮਿੱਟੀ ਦਾ ਤੇਲ ਪਾਇਆ. ਗੁਆਂਢੀਆਂ ਨੇ ਬਚਾਇਆ, ਇਸ ਤਰ੍ਹਾਂ ਅਨੇਕਾਂ ਇਲਜ਼ਾਮਾਂ ਦੀ ਲਿਸਟ ਵਕੀਲ ਨੇ ਰੋਸ਼ਨੀ ਦੇ ਵਕੀਲ ਨੂੰ ਵਿਖਾਈ। ਇਸ ਸਭ ਇਲਜ਼ਾਮਾਂ ਦੀ ਲਿਸਟ ਵੇਖ ਕੇ ਸਾਰੇ ਖੁਸ਼ੀ ਨਾਲ ਝੂਮ ਉੱਠੇ। ਉਹਨਾਂ ਨੂੰ ਯਕੀਨ ਹੋ ਗਿਆ ਕਿ ਹੁਣ ਸੰਜੀਵ ਦਾ ਸਾਰਾ ਪਰਿਵਾਰ ਕਾਨੂੰਨੀ ਸ਼ਿਕੰਜੇ ਵਿੱਚ ਬੁਰੀ ਤਰ੍ਹਾਂ

ਰਿਸ਼ਤੇ

ਸਫ਼ਾ IV ਦੀ ਬਾਕੀ

ਫਸੇਗਾ।

"ਵਕੀਲ ਸਾਹਿਬ ਇੱਕ ਤਾਂ ਸੰਜੀਵ ਦੇ ਪਿਉ ਦੀ ਨੌਕਰੀ ਲੱਥ ਜਾਵੇ ਤਾਂ ਦਿਲ ਨੂੰ ਠੰਡ ਪੈ ਜਾਵੇਗੀ। ਇਸ ਸਭ ਇਲਜ਼ਾਮਾਂ ਵਿੱਚ ਸੰਜੀਵ ਦਾ ਪਿਉ ਵੀ ਸ਼ਾਮਿਲ ਹੈ...। ਤਾਇਆ ਮਨ ਦੀ ਤਸੱਲੀ ਪ੍ਰਗਟ ਕਰਦਾ ਬੋਲਿਆ ਅਤੇ ਕੇਸ ਕਰ ਦਿੱਤਾ ਗਿਆ। ਅਦਾਲਤ ਰਾਹੀਂ ਸੰਜੀਵ ਦੇ ਘਰ ਸੰਮਨ ਆਏ, ਜਦ ਇਲਜ਼ਾਮਾਂ ਦੀ ਲਿਸਟ ਪੜ੍ਹੀ ਤਾਂ ਸਭ ਦੰਗ ਰਹਿ ਗਏ, ਉਸ ਵਿੱਚ ਕੋਈ ਵੀ ਸਚਾਈ ਨਹੀਂ ਸੀ, ਸਭ ਝੂਠ ਦਾ ਪੁਲੰਦਾ ਸਨ। ਸੁਰਿੰਦਰ ਘਰ ਆਇਆ ਤਾਂ ਦਲੀਪ ਚੰਦ ਨੂੰ ਕਾਫ਼ੀ ਪ੍ਰੇਸ਼ਾਨ ਦੇਖਿਆ। ਉਹ ਮਹਿਸੂਸ ਕਰ ਰਹੇ ਸਨ ਕਿ ਡਿਗਰੀ ਲੈਣ ਦਾ ਕੋਈ ਲਾਭ ਨਹੀਂ ਹੋਇਆ।' "ਬੇਟਾ ਸੁਰਿੰਦਰ ਆਹ ਦੇਖ ਅਦਾਲਤ ਰਾਹੀਂ ਭੇਜੇ ਸੰਮਨ ਵਿੱਚ ਉਹਨਾਂ ਨੇ ਕਿੰਨੇ ਘਟੀਆ ਅਤੇ ਖ਼ਤਰਨਾਕ ਇਲਜ਼ਾਮ ਸਾਡੇ ਉੱਤੇ ਲਾਏ ਹਨ, ਮੈਂ ਇੱਕ ਸਰਕਾਰੀ ਮੁਲਾਜ਼ਮ ਹਾਂ ਅਤੇ ਇੱਕ ਵੀ ਇਲਜ਼ਾਮ ਸਿੱਧ ਹੋ ਗਿਆ ਤਾਂ ਮੇਰੀ ਨੌਕਰੀ ਗਈ ਸਮਝੋ। ਅੰਕਲ ਜੀ, ਜਦ ਅਦਾਲਤ ਵਿੱਚ ਗੱਲ ਚਲੀ ਜਾਵੇ ਤਾਂ ਇਲਜ਼ਾਮਬਾਜ਼ੀ ਤਾਂ ਹੁੰਦੀ ਹੈ, ਸਿੱਧ ਵੀ ਕਰਨੀ ਪੈਂਦੀ ਹੈ, ਇਕੱਲਾ ਇਲਜ਼ਾਮ ਲਗਾਉਣ ਨਾਲ ਗੱਲ ਨਹੀਂ ਬਣਦੀ। ਹੁਣ ਤੁਹਾਨੂੰ ਕੇਸ ਲੜਨਾ ਪਵੇਗਾ, ਅਤੇ ਇਹੋ ਡਿਗਰੀ ਤੁਹਾਨੂੰ ਬਚਾਵੇਗੀ।

" ਚਾਹੇ ਉਹ ਮੇਰਾ ਸ਼ਹਿਰ ਹੈ, ਪਰ ਕਿਸੇ ਵਕੀਲ ਨਾਲ ਮੇਰੀ ਜਾਣ-ਪਹਿਚਾਣ ਨਹੀਂ ਹੈ। ਫਿਰ ਸ਼ਹਿਰ ਛੱਡੇ ਨੂੰ ਵੀ ਕਿੰਨ੍ਹਾ ਚਿਰ ਹੋ ਗਿਆ ਹੈ।" ਜਿਸ ਸ਼ਹਿਰ ਵਿੱਚ ਸੰਜੀਵ ਦੇ ਸਹੁਰੇ ਹਨ, ਉਸੇ ਸ਼ਹਿਰ ਵਿੱਚ ਸੰਜੀਵ ਦੇ ਦਾਦਕੇ ਵੀ ਹਨ।

ਅੰਕਲ ਜੀ ਤੁਹਾਨੂੰ ਕਿਸੇ ਨੇ ਵੀ ਪਹਿਲਾਂ ਰੋਸ਼ਨੀ ਦੇ ਪ੍ਰਵਾਰ ਬਾਰੇ ਨਹੀਂ ਦੱਸਿਆ, ਸੁੱਖ ਨਾਲ ਤੁਹਾਡਾ ਪੂਰੇ ਦਾ ਪੂਰਾ ਖ਼ਾਨਦਾਨ ਇਸ ਸ਼ਹਿਰ ਵਿੱਚ ਹੈ, ਫਿਰ ਤੁਸੀ ਕਿਵੇਂ ਫਸ ਗਏ? ਸਾਰੇ ਤਾਂ ਠੀਕ ਕਹਿੰਦੇ ਸਨ. ਕੌਣ ਕਿਸੇ ਦੇ ਢਿੱਡ ਵਿੱਚ ਵੜਿਆ ਹੁੰਦਾ ਹੈ, ਬੰਦੇ ਦੀ ਪਹਿਚਾਣ ਤਾਂ ਮਿਲੇ-ਗਿਲੇ ਹੀ ਹੁੰਦੀ ਹੈ। ਨਾਲੇ ਜੇ ਬੰਦੇ ਦੀ ਕਿਸਮਤ ਵਿੱਚ ਸੁੱਖ ਹੁੰਦਾ ਤਾਂ ਇਹ ਰਿਸ਼ਤਾ ਨਾ ਹੁੰਦਾ 'ਤੇ ਅਸੀਂ ਸਿਆਪੇ ਵਿੱਚ ਨਾ ਪੈਂਦੇ।"

" ਅੰਕਲ ਜੀ ਇਹ ਸਭ ਨੂੰ ਪਤਾ ਹੈ ਸੰਜੀਵ ਦੀ ਵਹੁਟੀ ਨੇ ਹੁਣ ਨਹੀਂ ਆਉਣਾ। ਇਹ ਗੱਲ ਵੀ ਪੱਕੀ ਹੈ ਕਿ ਉਹ ਤੁਹਾਨੂੰ ਬਿਨ੍ਹਾਂ ਵਜ਼ਾ ਪ੍ਰੇਸ਼ਾਨ ਕਰ ਰਹੇ ਹਨ। ਇਹ ਵੀ ਚੰਗਾ ਹੋਇਆ ਕਿ ਤੁਸੀਂ ਪਹਿਲਾਂ ਕੇਸ ਕਰ ਦਿੱਤਾ ਨਹੀਂ ਤਾਂ ਇਹਨਾਂ ਨੇ ਤੁਹਾਡੇ ਰਗੜਬਾਲੇ ਬਹੁਤ ਕਢਾਉਣੇ ਸੀ। ਮੇਰਾ ਇੱਕ ਰਾਜਨੀਤਿਕ ਮਿੱਤਰ ਹੈ ਸ਼ਹਿਰ ਵਿੱਚ, ਉਸ ਦਾ ਵਕੀਲਾਂ ਨਾਲ ਕਾਫ਼ੀ ਵਾਹ-ਵਾਸਤਾ ਹੈ ਉਸ ਨਾਲ ਗੱਲ ਕਰਾਂਗਾ। ਚੰਗਾ ਬੇਟਾ ਸੁਰਿੰਦਰ , ਸਵੇਰੇ ਚੱਲਾਂਗੇ, ਤੈਨੂੰ ਵੀ ਤਕਲੀਫ਼ ਦੇ ਰਹੇ ਹਾਂ, ਪਰ ਕੀਤਾ ਕੀ ਜਾਵੇ..? " ਉਹ ਕੋਈ ਗੱਲ ਨਹੀਂ ਅੰਕਲ ਜੀ, ਸੰਜੀਵ ਸਾਡਾ ਦੋਸਤ ਵੀ ਹੈ ਅਤੇ ਭਰਾ ਵੀ। ਅਸੀਂ ਉਸ ਦੀ ਪਿੱਠ ਨਹੀਂ ਲੱਗਣ ਦੇਣੀ, ਪਰ ਇਹ ਵੀ ਜ਼ਰੂਰੀ ਹੈ ਕਿ ਸੰਜੀਵ ਵੀ ਉਸ ਨੂੰ ਭੁੱਲ ਜਾਵੇ। ਉਹ ਵੱਸਣ ਦੇ ਹੱਕ ਵਿੱਚ ਨਹੀਂ ਹੈ।"

" ਉਹ ਤਾਂ ਸਾਨੂੰ ਵੀ ਪਤਾ ਹੈ, ਪਰ ਫੈਂਸਲਾ ਤਾਂ ਕਿਸੇ ਤਰੀਕੇ ਨਾਲ ਕਰਨਾ ਹੈ..। ਅਗਲੇ ਦਿਨ ਸੁਰਿੰਦਰ , ਜਸਪਾਲ, ਦਲੀਪ ਚੰਦ ਅਤੇ ਸੰਜੀਵ ਗਏ, ਜਿਸ ਸਿਆਸਤਦਾਨ ਨਾਲ ਗੱਲ ਕਰਨੀ ਸੀ, ਉਹ ਮਿਲਿਆ ਨਹੀਂ। ਉਸ ਦਾ ਭਰਾ ਮਿਲਿਆ ਉਸ ਨੇ ਆਪਣੇ ਵਕੀਲ ਦਾ ਐਡਰੈਸ ਦੇ ਦਿੱਤਾ। ਉਹ ਕਚਹਿਰੀ ਵਿੱਚ ਮਿਲ ਗਿਆ. ਸੈਕਟਰੀ ਨੇ ਅਗਲੇ ਦਿਨ ਘਰ ਮਿਲਣ ਨੂੰ ਕਿਹਾ। ਰਾਤ ਦਲੀਪ ਚੰਦ ਨੇ ਆਪਣੇ ਭਰਾ ਦੇ ਘਰ ਕੱਟੀ? ਐਤਵਾਰ ਹੋਣ ਕਾਰਣ ਉਸ ਦੀ ਘਰ ਮਿਲਣ ਦੀ ਆਸ ਸੀ। ਰਸਤੇ ਵਿੱਚ ਬੰਦੇ ਆ ਰਹੇ ਸਨ, ਉਹਨਾਂ ਕੋਲੋਂ ਦਲੀਪ ਚੰਦ ਨੇ ਵਕੀਲ ਦਾ ਪਤਾ ਪੁੱਛਿਆ ਤਾਂ ਉਹਨਾਂ ਵਿੱਚੋਂ ਇੱਕ ਬੰਦਾ ਬੋਲਿਆ, " ਕਿਸ ਪਾਗ਼ਲ ਦਾ ਘਰ ਪੁੱਛ ਰਹੇ ਹੋ? ਉਹ ਤਾਂ ਜਿੱਤਿਆ ਹੋਇਆ ਕੇਸ ਵੀ ਹਰਾ ਦਿੰਦਾ ਹੈ। "ਇਹ ਕਹਿ ਕੇ ਬੰਦਾ ਅੱਗੇ ਨਿਕਲ ਗਿਆ।

ਵਕੀਲ ਦੀ ਤਾਰੀਫ਼ ਬਾਹਰ ਹੀ ਸੁਣ ਲਈ ਹੈ...। ਜਸਪਾਲ ਨੇ ਕਿਹਾ। ਕੋਈ ਗੱਲ ਨਹੀਂ ਮਿਲ ਕੇ ਵੀ ਦੇਖ ਲੈਂਦੇ ਹਾਂ...। ਦਲੀਪ ਚੰਦ ਵਕੀਲ ਕੋਲ ਗਿਆ, ਚਾਹ ਪਾਣੀ ਪੀਣ ਤੋਂ ਬਾਅਦ ਗੱਲਬਾਤ ਹੋਈ, ਸੱਚ ਹੀ ਉਸ ਨੇ ਪਾਏਦਾਰ ਕੋਈ ਗੱਲ ਨਹੀਂ ਕੀਤੀ। ਬਗ਼ੈਰ ਕੋਈ ਫੈਂਸਲਾ ਲਏ ਉਹ ਉੱਥੋਂ ਉੱਠ ਕੇ ਆ ਗਏ। ਦਲੀਪ ਚੰਦ ਦੇ ਭਰਾ ਵਿਕਾਸ ਨੇ ਕਿਹਾ, ਕਿ ਕੌਂਸਲਰ ਦਾ ਪਤਾ ਵੀ ਵਕੀਲ ਹੈ ਨਾਲੇ ਉਹ ਵੀ ਇਸਤਰੀ ਸਭਾ ਦੀ ਪ੍ਰਧਾਨ ਹੈ, ਉਸ ਨਾਲ ਗੱਲ ਕਰਕੇ ਵੇਖਦੇ ਹਾਂ...।

"ਹਾਂ ਉਹ ਕੁੜੀ ਵੀ ਕਾਫ਼ੀ ਮਿਲਣਸਾਰ ਹੈ, ਪਰ ਜੇ ਉਹ ਇਸਤਰੀ ਸਭਾ ਦੀ ਪ੍ਰਧਾਨ ਹੈ ਤਾਂ ਉਹ ਸਾਡੀ ਗੱਲ ਕਿਉਂ ਕਰੇਗੀ, ਉਹ ਤਾਂ ਜ਼ਨਾਨੀ ਦਾ ਹੀ ਸਾਥ ਦੇਵੇਗੀ...ਜਸਪਾਲ ਗੱਲ ਸਾਫ਼ ਕਰਦਾ ਹੋਇਆ ਬੋਲਿਆ। "ਨਹੀਂ ਨਹੀਂ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ, ਤੁਸੀਂ ਸਾਰੀ ਗੱਲ ਸੱਚ ਸੱਚ ਦੱਸ ਦਿਉ, ਉਹ ਤੁਹਾਡਾ ਸਾਥ ਜ਼ਰੂਰ ਦੇਵੇਗੀ। ਨਾਲੇ ਉਹ ਭਾਜੀ ਦੀ ਸ਼ਰਾਫਤ ਨੂੰ ਚੰਗੀ ਤਰ੍ਹਾਂ ਜਾਣਦੀ ਹੈ" ਵਿਕਾਸ, ਜਸਪਾਲ ਦੀ ਤਸੱਲੀ ਕਰਵਾਉਂਦਾ ਹੋਇਆ ਬੋਲਿਆ।"

ਚੰਗਾ ਚੱਲਦੇ ਹਾਂ ਉਹਨਾਂ ਦੇ ਘਰ, ਜਨਾਨੀ ਤੇ ਆਦਮੀ ਘਰ ਹੀ ਮਿਲ ਜਾਣਗੇ। ਵਕੀਲ ਕੋਲ ਗਏ ਚੰਗਾ ਭਰਵਾ ਸਵਾਗਤ ਕੀਤਾ ਸੁਦੇਸ਼ ਦਾ ਪਤੀ ਵਿਕਰਮ ਸਿੰਘ ਕਾਫ਼ੀ ਮਿਲਣਸਾਰ ਸੀ, ਦਲੀਪ ਚੰਦ ਦੀ ਗੱਲ ਕਾਫ਼ੀ ਧਿਆਨ ਨਾਲ ਸੁਣੀ। ਸੁਦੇਸ਼ ਨੇ ਕਿਹਾ, "ਵੀਰ ਜੀ ਘਬਰਾਉਣ ਦੀ ਕੋਈ ਗੱਲ ਨਹੀਂ, ਸਾਰੇ ਹਾਲਤਾਂ ਵਿੱਚ ਉਹੀ ਗਲਤ ਸਿੱਧ ਹੁੰਦੇ ਹਨ, ਮੈਂ ਇਸਤਰੀ ਸਭਾ ਦੀ ਪ੍ਰਧਾਨ ਹਾਂ, ਮੇਰੇ ਕੋਲ ਕਈ ਕਿਸਮ ਦੀਆਂ ਔਰਤਾਂ ਆਉਂਦੀਆਂ ਰਹਿੰਦੀਆਂ ਹਨ, ਠੀਕ ਵੀ ਤੇ ਗਲਤ ਵੀ।

ਸਾਨੂੰ ਪਹਿਚਾਨ ਹੈ ਕਿ ਤੁਹਾਡੀ ਨੂੰਹ ਅਤੇ ਉਸ ਦਾ ਪ੍ਰਵਾਰ ਬਹੁਤ ਗ਼ਲਤ ਹੈ, ਵਕੀਲ ਉਹਨਾਂ ਨਾਲੋਂ ਵੀ ਵੱਧ ਮੂਰਖ। ਇਸ ਡਿਗਰੀ ਨੇ ਤੁਹਾਡਾ ਕੁਝ ਵੀ ਵਿਗਾੜਨ ਨਹੀਂ ਦੇਣਾ। ਇੱਕ ਦੋ ਤਰੀਕਾਂ ਵਿੱਚੋਂ ਫੈਂਸਲਾ ਤੁਹਾਡੇ ਹੱਕ ਵਿੱਚ ਹੋ ਜਾਵੇਗਾ। ਉਸ ਨੂੰ ਤੁਹਾਡੇ ਨਾਲ ਚੱਲਣਾ ਪਵੇਗਾ ਜਾਂ ਫਿਰ ਕੋਈ ਵੀ ਦਾਅਵਾ ਨਹੀਂ ਕਰ ਸਕਦੀ। ਅਸੀਂ ਦੋਵੇਂ ਪਤੀ-ਪਤਨੀ ਵਕੀਲ ਹਾਂ ਅਤੇ ਸਾਡੇ ਹੁੰਦਿਆਂ ਤੁਹਾਨੂੰ ਹੌਂਸਲਾ ਛੱਡਣ ਦੀ ਕੋਈ ਜ਼ਰੂਰਤ ਨਹੀਂ...। ਵਿਕਰਮ ਨੇ ਬੜੇ ਵਿਸ਼ਵਾਸ਼ ਨਾਲ ਗੱਲ ਕੀਤੀ। ਅਦਾਲਤ ਵਿੱਚ ਆਪਣਾ ਪੱਖ ਰੱਖ ਦਿੱਤਾ ਗਿਆ। ਰੋਸ਼ਨੀ ਅਤੇ ਸੰਜੀਵ ਨੂੰ ਆਵਾਜ਼ ਪਈ, ਜੱਜ ਨੇ ਕਾਗਜ਼ ਦੇਖ। ਰੋਸ਼ਨੀ ਦੇ ਵਕੀਲ ਨੇ ਕਿਹਾ ਕਿ ਇਹ ਡਿਗਰੀ ਨਕਲੀ ਹੈ। ਅਗਲੀ ਤਾਰੀਕ ਪਈ ਹੈ? ਜੱਜ ਨੇ ਸਵਾਲ ਕੀਤਾ।

ਤੁਸੀਂ ਪਹਿਲੇ ਫੈਂਸਲੇ 'ਤੇ ਕਿਉਂ ਨਹੀਂ ਪੁੱਜੇ, ਤੁਸੀਂ ਗ਼ਲਤ ਹੋ, ਤੁਸੀਂ ਅਦਾਲਤ ਦੀ ਬੇ-ਇੱਜ਼ਤੀ ਕੀਤੀ ਹੈ। ਤੁਹਾਡਾ ਮੁਕੱਦਮਾ ਖਾਰਜ ਕੀਤਾ ਜਾਂਦਾ ਹੈ। ਦੋ ਤਰੀਕਾਂ ਵਿੱਚ ਇੱਕ ਵਾਰ ਫੈਂਸਲਾ ਸੰਜੀਵ ਦੇ ਹੱਕ ਵਿੱਚ ਹੋ ਗਿਆ। ਸੰਜੀਵ ਦੇ ਘਰਵਾਲਿਆਂ ਨੇ ਸ਼ੁਕਰ ਕੀਤਾ।

ਮੁਕੱਦਮਾ ਖਾਰਜ ਹੋਣ 'ਤੇ ਰੋਸ਼ਨੀ ਦੇ ਪ੍ਰਵਾਰ ਨੂੰ ਬੜੀ ਅੱਗ ਲੱਗੀ, ਉਹਨਾਂ ਦੇ ਬਰਦਾਸ਼ਤ ਤੋਂ ਬਾਹਰ ਸੀ। ਵਕੀਲ ਹੌਂਸਲਾ ਦੇਂਦਾ ਹੋਇਆ ਬੋਲਿਆ, ਦੇਖੋ ਜੀ, ਕਾਨੂੰਨੀ ਤੌਰ 'ਤੇ ਰੋਸ਼ਨੀ ਦੇ ਸਹੁਰਿਆਂ ਦੀ ਪੁਜੀਸ਼ਨ ਕਾਫ਼ੀ ਮਜਬੂਤ ਹੈ, ਉਹ ਕਾਫ਼ੀ ਪੜ੍ਹਿਆ ਲਿਖਿਆ ਪ੍ਰਵਾਰ ਹੈ, ਉਹਨਾਂ ਦੇ ਸਾਲਾਹਕਾਰ ਕਾਫ਼ੀ ਚੰਗੇ-ਚੰਗੇ ਲੱਗਦੇ ਹਨ, ਜੇਕਰ ਅਸੀਂ ਪਹਿਲਾਂ ਕੇਸ ਕਰਦੇ ਤਾਂ ਰੋਸ਼ਨੀ ਦੇ ਸਹੁਰੇ ਦੀ ਨੌਕਰੀ ਛੁੱਟ ਸਕਦੀ ਸੀ ਅਤੇ ਉਸ ਦਾ ਪਤੀ ਵੀ ਜੇਲ੍ਹ ਵਿੱਚ ਹੁੰਦਾ। "ਸਾਨੂੰ ਕੇਸ ਕਰਨ ਦਾ ਕੀ ਫਾਇਦਾ ਹੋਇਆ ਉਲਟਾ ਸਾਡਾ ਮਾਜ਼ਾਕ ਉੱਡਿਆ" ਸੰਜੀਵ ਦੀ ਸੱਸ ਬੋਲੀ।

ਭੈਣ ਜੀ ਮੁਕੱਦਮਾ ਕੋਈ ਖੇਡ ਨਹੀਂ ਹੁੰਦੀ, ਨਾਲੇ ਅਗਲੇ ਪਾਸੇ ਮੂਰਖ ਨਹੀਂ ਬੈਠੇ, ਉਹਨਾਂ ਨੂੰ ਆਪਣਾ ਬਚਾਅ ਕਰਨਾ ਆਉਂਦਾ ਹੈ। ਅਦਾਲਤ ਰਾਹੀਂ ਅਸੀਂ ਕੁੱਝ ਵੀ ਨਹੀਂ ਕਰ ਸਕੇ, ਅਦਾਲਤੀ ਫੈਂਸਲੇ ਸਾਰੇ ਉਹਨਾਂ ਦੇ ਹੱਕ ਵਿੱਚ ਹਨ। ਕੋਈ ਗੱਲ ਨਹੀਂ ਮੇਰੇ ਮਾਮੇ ਦਾ ਪੁੱਤ ਬਲਜੀਤ ਡੀ.ਐੱਸ.ਪੀ. ਹੈ, ਉਹ ਪੁਲਿਸ ਰਾਹੀਂ ਸਾਡੀ ਮੱਦਦ ਕਰੇਗਾ। ਰੋਸ਼ਨੀ ਦੀ ਮਾਂ ਤੈਸ਼ ਵਿੱਚ ਆਉਂਦੀ ਬੋਲੀ।

"ਕੋਸ਼ਿਸ਼ ਕਰਕੇ ਦੇਖ ਲਉ, ਪਰ ਤੁਹਾਡਾ ਕੁੱਝ ਨਹੀਂ ਬਣ ਸਕਦਾ, ਜਦ ਅਦਾਲਤ ਕੁਝ ਨਹੀਂ ਕਰ ਸਕੀ ਤਾਂ ਪੁਲੀਸ ਕੀ ਕਰ ਲਊਗੀ। ਪੁਲਿਸ ਨੂੰ ਵੀ ਤਾਂ ਅਦਾਲਤ ਦਾ ਹੁਕਮ ਮੰਨਣਾ ਪੈਣਾ ਹੈ। ਸਰਕਾਰੀ ਮੁਲਾਜ਼ਮ ਗ਼ੈਰ-ਕਾਨੂੰਨੀ ਕੰਮ ਨਹੀਂ ਕਰ ਸਕਦਾ। ਅੱਗੋਂ ਤੁਹਾਡੀ ਮਰਜ਼ੀ...।" ਸੰਜੀਵ ਦੀ ਸੱਸ ਤੇ ਸਹੁਰਾ ਬਲਜੀਤ ਦੇ ਘਰ ਗਏ ਪਤਾ ਲੱਗਿਆ ਕਿ ਉਹ ਬਾਹਰ ਗਿਆ ਹੈ ਅਤੇ ਕੁਝ ਦਿਨ ਬਾਅਦ ਆਵੇਗਾ। ਸਾਰੀ ਸਾਲਾਹ ਕਰਨ ਤੋਂ ਬਾਅਦ ਸੰਜੀਵ ਦੇ ਸ਼ਹਿਰ ਸੰਜੀਵ ਦੇ ਵਿਰੁੱਧ ਥਾਣੇ ਵਿੱਚ ਦਾਜ਼ ਦਾ ਇਲਜ਼ਾਮ ਲਗਾ ਕੇ ਸ਼ਿਕਾਇਤ ਕਰ ਦਿੱਤੀ। ਇਹ ਸਾਰਾ ਰੋਸ਼ਨੀ ਦੇ ਸਿਆਸਤਦਾਨ ਮਾਮੇ ਦਾ ਪੁਆੜਾ ਸੀ ਕਿਉਂਕਿ ਉਸ ਨੇ ਉਸ ਵਾਸਤੇ ਹੋਰ ਕੋਈ ਬੰਦਾ ਵੇਖਿਆ ਸੀ ਜਿਸ ਦੀ ਪਹਿਲੀ ਪਤਨੀ ਮਰ ਚੁੱਕੀ ਸੀ, ਲੱਤ ਵਿੱਚ ਨੁਕਸ ਸੀ ਅਤੇ ਉਸ ਦੇ ਦੋ ਬੱਚੇ ਸਨ, ਚੂੰਗੀ ਮਹਿਕਮੇ ਵਿੱਚ ਨੌਕਰੀ ਕਰਦਾ ਸੀ।

ਜਦੋਂ ਸੰਜੀਵ ਦੇ ਖਿਲਾਫ਼ ਰਿਪੋਰਟ ਦਾ ਪਤਾ ਲੱਗਿਆ ਤਾਂ ਪਾਰਟੀ ਪ੍ਰਧਾਨ ਬੜੇ ਗੁੱਸੇ ਵਿੱਚ ਬੋਲਿਆ, ਅੰਕਲ ਜੀ ਤੁਸੀਂ ਡਰਦੇ ਕਿਉਂ ਹੋ, ਅਸੀਂ ਕਿਸੇ ਨਾਲੋਂ ਘੱਟ ਨਹੀਂ ਹਾਂ, ਸੰਜੀਵ ਤੇ ਤੁਸੀਂ ਕਿਹੜੀ ਗੱਲੋਂ ਗ਼ਲਤ ਹੋ, ਇਨੇਂ ਸ਼ਰੀਫ਼ ਬੰਦੇ ਹੋ, ਤੁਹਾਡੇ ਤੇ ਫਿਰ ਇਲਜ਼ਾਮ ਕਿਉਂ? ਉਹਨਾਂ ਨੇ ਕੀ ਸੋਚਿਆ, ਅੱਗੇ ਮੂਰਖ ਬੈਠੇ ਹਨ.... ਸਾਡੀ ਕੋਈ ਜਾਣ-ਪਹਿਚਾਣ ਨਹੀਂ, ਆਖ਼ਿਰ ਰਾਸ਼ਟਰੀ ਮਾਨਤਾ ਪ੍ਰਾਪਤ ਪਾਰਟੀ ਦਾ ਮੈਂ ਪ੍ਰਧਾਨ ਹਾਂ। ਅਸੀਂ ਥਾਣਾ ਨਹੀਂ ਵੇਖਿਆ...ਸਾਰੇ ਥਾਣੇ ਵਿੱਚ ਸਾਡੀ ਪਹਿਚਾਣ ਹੈ, ਅਸੀਂ ਚੱਲਾਂਗੇ ਘਬਰਾਉਣ ਦੀ ਕੋਈ ਲੋੜ ਨਹੀਂ। ਦਲੀਪ ਚੰਦ ਨੇ ਮੁਹੱਲਾ ਪ੍ਰਧਾਨ ਨਾਲ ਵੀ ਗੱਲ ਕੀਤੀ ਤਾਂ ਉਹ ਵੀ ਪੂਰੇ ਉਤਸ਼ਾਹ ਅਤੇ ਜੋਸ਼ ਵਿੱਚ ਬੋਲਿਆ,"ਦਲੀਪ ਚੰਦ ਜੀ, ਤੁਸੀਂ ਇੱਜ਼ਤਦਾਰ ਬੰਦੇ ਹੋ, ਅਸੀਂ ਤੁਹਾਡੇ ਹਰ ਦੁੱਖ -ਸੁੱਖ ਵਿੱਚ ਸ਼ਾਮਲ ਹਾਂ। ਸਾਡੀ ਸਾਂਝ ਭਰਾਵਾਂ ਵਾਲੀ ਹੈ। ਤੁਸੀਂ ਹੁਕਮ ਕਰੋ ਅਸੀਂ ਸਭ ਤਰੀਕੇ ਨਾਲ ਗੱਲਬਾਤ ਕਰਾਂਗੇ ਅਤੇ ਤੁਹਾਡੀ ਮੱਦਦ ਕਰਾਂਗੇ।" ਜਿਸ ਦਿਨ ਰੋਸ਼ਨੀ ਅਤੇ ਸੰਜੀਵ ਦਾ ਫੈਂਸਲਾ ਸੀ, ਸਭ ਇਕੱਠੇ ਹੋ ਕੇ ਥਾਣੇ ਪੁੱਜ ਗਏ। ਥਾਣੇਦਾਰ ਗੱਲਬਾਤ ਸ਼ੁਰੂ ਕਰਦਾ ਬੋਲਿਆ, ਸਭ ਭਰਾ ਇਕੱਠੇ ਹਾਂ, ਗੱਲ ਤਾਂ ਬਹੁਤ ਮਾੜੀ ਹੈ, ਪਰ ਫੈਂਸਲਾ ਤਾਂ ਹੋਣਾ ਹੈ। ਇੱਕ ਦੂਜੇ ਉੱਤੇ ਇਲਜ਼ਾਮ ਲਗਾਉਣ ਦਾ ਕੋਈ ਲਾਭ ਨਹੀਂ, ਅਦਾਲਤ ਦਾ ਵੀ ਫੈਂਸਲਾ ਹੋ ਚੁੱਕਾ ਹੈ। ਹੁਣ ਤਾਂ ਸੰਜੀਵ ਦਾ ਪ੍ਰਵਾਰ ਅਤੇ ਰੋਸ਼ਨੀ ਦਾ ਪ੍ਰਵਾਰ ਬੈਠ ਕੇ ਫੈਂਸਲਾ ਕਰ ਲੈਣ, ਅੰਤ ਗੱਲਬਾਤ ਬੈਠ ਕੇ ਹੀ ਮੁੱਕਣੀ ਹੈ।

ਥਾਣੇਦਾਰ ਲਿਖਤੀ ਕਾਰਵਾਈ ਸਭ ਨੂੰ ਪੜ੍ਹ ਕੇ ਸਨਾਉਣ ਲੱਗਾ.-

"ਸੰਜੀਵ ਤੇ ਰੌਸ਼ਨੀ ਦੋਵੇਂ ਪਤੀ-ਪਤਨੀ ਹਨ, ਦੋਵੇਂ ਇਕੱਠੇ ਰਹਿਣਾ ਨਹੀਂ ਚਾਹੁੰਦੇ, ਪੰਚਾਇਤ ਇਹਨਾਂ ਦੇ ਕਹਿਣ ਤੇ ਫੈਂਸਲਾ ਕਰਦੀ ਹੈ, ਕਿ ਇਹਨਾਂ ਦੋਹਾਂ ਨੂੰ ਅਲੱਗ-ਅਲੱਗ ਕੀਤਾ ਜਾਵੇ। ਅੱਜ ਤੋਂ ਬਾਅਦ ਸੰਜੀਵ ਅਤੇ ਰੋਸ਼ਨੀ ਪਤੀ-ਪਤਨੀ ਨਹੀਂ ਹਨ। ਸਭ ਇਹ ਕਾਰਵਾਈ ਪੜ੍ਹ ਲੈਣ ਅਤੇ ਆਪੋ-ਆਪਣੀ ਸਹਿਮਤੀ ਨਾਲ ਇਸ ਸਮਝੌਤੇ 'ਤੇ ਦਸਤਖ਼ਤ ਕਰ ਦੇਣ ਤਾਂ ਜੋ ਇਹ ਝਗੜਾ ਖ਼ਤਮ ਹੋ ਜਾਵੇ। ਸਭ ਤੋਂ ਪਹਿਲਾਂ ਸੰਜੀਵ ਅਤੇ ਰੌਸ਼ਨੀ ਇਸ ਫੈਂਸਲੇ ਤੇ ਦਸਤਖ਼ਤਾਂ ਤੋਂ ਬਾਅਦ ਸਭ ਮੈਂਬਰਾਂ ਦੇ ਦਸਤਖ਼ਤ ਕਰਨ। ਸੰਜੀਵ ਅਤੇ ਰੋਸ਼ਨੀ ਦੇ ਦਸਤਖ਼ਤਾਂ ਤੋਂ ਬਾਅਦ ਸਭ ਬੈਠੇ ਮੈਂਬਰਾਂ ਦੇ ਦਸਤਖ਼ਤ ਹੋਏ ਅਤੇ ਥਾਣੇ ਦੀ ਕਾਰਵਾਈ ਪੂਰੀ ਹੋਈ।"

ਪ੍ਰੋਫੈਸਰ ਦਲੀਪ ਚੰਦ ਨੂੰ ਸਾਲਾਹ ਦੇਂਦਾ ਬੋਲਿਆ.-

"ਦੇਖੋ ਦਲੀਪ ਚੰਦ ਜੀ ਕੱਲ੍ਹ ਨੂੰ ਤੁਸੀਂ ਵੀ ਆਪਣਾ ਮੁੰਡਾ ਵਿਆਹੁਣਾ ਹੈ ਤੇ ਉਹਨਾਂ ਨੇ ਵੀ ਕੁੜੀ ਦੀ ਸ਼ਾਦੀ ਕਰਨੀ ਹੈ, ਕੋਈ ਹੋਰ ਕਾਨੂੰਨੀ ਰੁਕਾਵਟ ਨਾ ਪੈਦਾ ਹੋਵੇ। ਇਸ ਲਈ ਇਹ ਤਲਾਕ ਇੱਕ ਵਾਰ ਅਦਾਲਤ ਵਿੱਚ ਵੀ ਹੋ ਜਾਵੇ। ਤੁਹਾਨੂੰ ਤਾਂ ਪਤਾ ਹੀ ਹੈ ਕਿ ਅਦਾਲਤ ਤਾਂ ਸਿਰਫ਼ ਅਦਾਲਤ ਦਾ ਫੈਂਸਲਾ ਹੀ ਸਵੀਕਾਰ ਕਰਦੀ ਹੈ। ਹੋਰ ਸਭ ਫੈਂਸਲਿਆਂ ਨੂੰ ਰੱਦ ਵੀ ਕਰ ਸਕਦੀ ਹੈ।" "ਠੀਕ ਹੈ, ਪ੍ਰੋਫੈਸਰ ਸਾਹਬ ਤੁਸੀਂ ਤੁਸੀਂ ਸਿਆਣੀ ਗੱਲ ਕੀਤੀ ਹੈ, ਕਿ ਕੱਲ੍ਹ ਨੂੰ ਕਈ ਹੋਰ ਮੁਸ਼ਕਲ ਨਾ ਪੈਦਾ ਹੋਵੇ, ਵਕੀਲ ਤਾਂ ਸਾਡਾ ਹੀ ਸਾਂਝੀ ਅਰਜ਼ੀ ਦੇ ਦੇਂਦਾ ਹਾਂ ਅਤੇ ਛੇ ਮਹੀਨੇ ਮਗਰੋਂ ਅਦਾਲਤ ਤਲਾਕ ਦਾ ਫੈਂਸਲਾ ਕਰ ਦੇਵੇਗੀ"। ਇਸ ਤਰ੍ਹਾਂ ਅਦਾਲਤ ਵਿੱਚ ਤਲਾਕ ਦੀ ਅਰਜ਼ੀ ਦਿੱਤੀ ਗਈ..ਤੇ ਤਲਾਕ ਹੋ ਗਿਆ।